ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162
ਮਾਸਟਰ ਪਰਮਵੇਦ

Epaper World Punjabi Times 03 ਦਸੰਬਰ 2025 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਸੀਨੀਅਰ ਸੈਂਟਰ ਸਰੀ ਵਿਚ ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 3 ਦਸੰਬਰ : ਇੰਡੋ-ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਮਾਸਿਕ ਕਵੀ ਦਰਬਾਰ ਬੀਤੇ ਐਤਵਾਰ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਦਿਵਸ ਨੂੰ ਸਮਰਪਿਤ ਇਸ ਕਵੀ ਦਰਬਾਰ ਵਿਚ ਕਵੀਆਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਉਪਦੇਸ਼ਾਂ ਨਾਲ ਸੰਬੰਧਿਤ ਕਵਿਤਾਵਾਂ ਤੇ ਰਚਨਾਵਾਂ ਪੇਸ਼ ਕੀਤੀਆਂ।

ਕਵੀ ਦਰਬਾਰ ਵਿੱਚ ਹਾਜ਼ਰੀ ਭਰਨ ਵਾਲਿਆਂ ਵਿੱਚ ਗੁਰਚਰਨ ਸਿੰਘ ਬਰਾੜ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਗੁਰਦਿਆਲ ਸਿੰਘ ਜੌਹਲ, ਮਲੂਕ ਚੰਦ ਕਲੇਰ, ਇੰਦਰਜੀਤ ਸਿੰਘ ਧਾਮੀ, ਪ੍ਰੋ. ਸ਼ਮੀਰ ਸਿੰਘ, ਸੁਰਜੀਤ ਸਿੰਘ ਗਿੱਲ, ਚਮਕੌਰ ਸਿੰਘ ਸੇਖੋਂ, ਨਿਰੰਜਨ ਸਿੰਘ ਲੇਹਲ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਦਵਿੰਦਰ ਕੌਰ ਜੌਹਲ, ਅਵਤਾਰ ਸਿੰਘ ਬਰਾੜ, ਤਜਿੰਦਰ ਕੌਰ ਬੈਂਸ, ਭਗਵੰਤ ਕੌਰ, ਅਮਰਜੀਤ ਕੌਰ, ਮਨਜੀਤ ਸਿੰਘ ਮੱਲਾ, ਹਰਚੰਦ ਸਿੰਘ ਗਿੱਲ, ਜਸਵੀਰ ਭਲੂਰੀਆ, ਜਗਰੂਪ ਸਿੰਘ ਖੇੜਾ, ਗੁਰਦਰਸ਼ਨ ਸਿੰਘ ਤਤਲਾ, ਰਜਿੰਦਰ ਸਿੰਘ ਬੈਂਸ, ਜਗਜੀਤ ਸਿੰਘ ਸੇਖੋਂ ਆਦਿ ਕਵੀ ਸ਼ਾਮਲ ਸਨ। ਸਾਰੇ ਕਵੀਆਂ ਨੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ, ਮਨੁੱਖੀ ਅਧਿਕਾਰਾਂ ਅਤੇ ਸਿੱਖ ਸਿਧਾਂਤਾਂ ਨੂੰ ਦਰਸਾਉਂਦੀਆਂ ਰਚਨਾਵਾਂ ਰਾਹੀਂ ਪ੍ਰੇਰਕ ਸੰਦੇਸ਼ ਪੇਸ਼ ਕੀਤੇ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਸੁਚਾਰੂ ਢੰਗ ਨਾਲ ਨਿਭਾਈ। ਕਵੀ ਦਰਬਾਰ ਦੌਰਾਨ ਅਕਤੂਬਰ 2025 ਨੂੰ ਮਨਾਏ ਗਏ 'ਸੀਨੀਅਰਜ਼ ਡੇ' ਸਮਾਰੋਹ ਵਿਚ ਸਨਮਾਨ ਤੋਂ ਵਾਂਝੇ ਰਹਿ ਗਏ ਮਹਿੰਦਰ ਸਿੰਘ ਜਵੰਦਾ ਨੂੰ ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਬਲਬੀਰ ਸਿੰਘ ਅਟਵਾਲ ਨੇ ਸਨਮਾਨਿਤ ਕੀਤਾ। ਅੰਤ ਵਿੱਚ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸੰਸਾਰ ਵਿੱਚ ਇਕ ਅਦੁੱਤੀ ਮਿਸਾਲ ਹੈ। ਉਨ੍ਹਾਂ ਨੇ ਗੁਰੂ ਸਾਹਿਬ ਦੀ ਪਵਿੱਤਰ ਸ਼ਹੀਦੀ ਨੂੰ ਭਾਵੁਕ ਸ਼ਰਧਾਂਜਲੀ ਭੇਟ ਕੀਤੀ।

## ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿੱਤ ਵਿਚਾਰ ਗੋਸ਼ਟੀ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਸੰਗਰੂਰ 3 ਦਸੰਬਰ : ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਵੱਲੋਂ ਸਥਾਨਕ ਸ਼੍ਰੀ ਨੈਣਾ ਦੇਵੀ ਮੰਦਰ ਧਰਮਸ਼ਾਲਾ ਵਿਖੇ ਕੀਤੀ ਮਹੀਨਾਵਾਰ ਮੀਟਿੰਗ ਵਿੱਚ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ, ਮੀਟਿੰਗ ਦੇ ਆਰੰਭ ਵਿੱਚ ਇਸ ਮਹੀਨੇ ਵਿਛੜੇ ਸਾਥੀਆਂ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਜਲੀ ਪੇਸ਼ ਕੀਤੀ ਗਈ।ਸ਼੍ਰੀ ਸਾਧਾ ਸਿੰਘ ਵਿਰਕ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਜੀਵਨ ਬਲੀਦਾਨ ਦੇਣ ਵਾਲੇ ਸ਼੍ਰੀ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ ਜੀਵਨ ਬਾਰੇ ਅਤੇ ਕੱਟੜ ਮੁਗਲ ਬਾਦਸ਼ਾਹ ਦੇ ਹੁਕਮਾਂ ਤੇ ਦਿੱਤੇ ਅਣਮਨੁੱਖੀ ਤਸੀਹਿਆਂ ਦਾ ਜਿਕਰ ਸਬੰਧੀ ਭਾਵਕ ਅੰਦਾਜ਼ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਛੋਟੀ ਉਮਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ। ਜੇਰੇ ਇਲਾਜ਼ ਸਾਥੀ ਸ਼੍ਰੀ ਪੀ ਸੀ ਬਾਘਾ ਜੀ ਦੀ ਸਿਹਤ ਬਾਰੇ ਹਾਊਸ ਨੂੰ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਤੰਦਰੁਸਤ ਹੋਣ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।
ਪਟਿਆਲਾ ਵਿਖੇ ਸਥਾਪਤ ਹੋਣ ਵਾਲੇ ਨਵੇਂ ਸੀ ਜੀ ਐਚ ਐਸ ਵੈਲਨੈਸ ਸੈਂਟਰ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ਗਈ। ਸ਼੍ਰੀ ਸ਼ਿਵ ਨਰਾਇਣ ਨੇ ਤੀਜੇ ਵੇਜ ਰਵੀਜ਼ਨ ਅਤੇ ਪੈਨਸ਼ਨ ਰਵੀਜ਼ਨ ਦੇ ਬਾਰੇ ਹਾਊਸ ਨੂੰ ਚਾਨਣਾ ਜਾਣਕਾਰੀ ਦਿੱਤੀ ਅਤੇ ਇਸਦੀ ਪ੍ਰਾਪਤੀ




ਲਈ ਮਜ਼ਬੂਤ ਸੰਗਠਨ ਦੀ ਜਰੂਰਤ ਬਾਰੇ ਦੱਸਿਆ।ਕਾਮਰੇਡ ਰਘਵੀਰ ਸਿੰਘ ਛਾਜਲੀ ਨੇ ਪਿਛਲੇ ਦਿਨੀਂ ਸਰਕਲ ਸੈਕਟਰੀ ਸ਼੍ਰੀ ਜੀ ਐਸ ਬਾਜਵਾ ਨਾਲ ਕੀਤੀ ਮੁਲਾਕਾਤ ਬਾਰੇ ਦੱਸਿਆ ਅਤੇ ਪੈਨਸ਼ਨਰ ਸਾਥਿਆਂ ਨੂੰ ਮੱਤ ਭੇਦ ਭੁਲਾ ਕੇ ਇਕਜੁੱਟ ਹੋਣ ਦਾ ਸੱਦਾ ਦਿੱਤਾ।ਮੀਟਿੰਗ ਦੇ ਦੌਰਾਨ ਹੀ ਨੇੜੇ ਬੱਸ ਸਟੈਂਡ ਸੰਗਰੂਰ ਵਿਖੇ ਰੋਡਵੇਜ਼ ਕਾਮਿਆਂ ਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਲਈ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਗਈ।ਸੀਨੀਅਰ ਸਿਟੀਜ਼ਨਜ਼ ਨੂੰ ਸਾਇਬਰ ਠੱਗੀਆਂ ਤੋਂ ਬਚਣ ਵਾਸਤੇ ਡਿਜੀਟਲ ਲਿਟਰੇਸੀ ਵਰਕਸ਼ਾਪ ਦੇ ਸਬੰਧ ਵਿੱਚ ਮਿਸਟਰ ਰਾਜੂ ਸਿੰਘ ਨੇ ਮਜ਼ਬੂਤ ਪਾਸਵਰਡ , ਸੰਚਾਰ ਸਾਥੀ ਐਪ , ਅਤੇ ਟੋਲ ਫਰੀ ਨੰਬਰ ਬਾਬਤ ਬੜੇ ਵਿਸਥਾਰ ਨਾਲ ਜਾਣਕਾਰੀ ਦਿੱਤੀ।
ਸ਼੍ਰੀ ਕੇ ਕੇ ਪਾਠਕ ਚੰਡੀਗੜ੍ਹ ਨੇ ਬਿਮਾਰੀਆਂ ਤੋਂ ਬਚਣ ਲਈ ਜੀਵਨ ਸ਼ੈਲੀ ਦੇ ਮਹੱਤਵ ਬਾਰੇ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ।ਲੋਕ ਗਾਇਕ ਸ਼੍ਰੀ ਕੇਵਲ ਸਿੰਘ ਮਲੇਰਕੋਟਲਾ ਨੇ ਤੂੰਬੀ ਤੇ ਇੱਕ ਲੋਕ ਗੀਤ ਗਾ ਕੇ ਖੂਬ ਰੰਗ ਬੰਨ੍ਹਿਆ।ਸ਼੍ਰੀ ਨਵਨੀਤ ਕੁਮਾਰ ਬਰਨਾਲ਼ਾ ਨੇ ਪਿਛਲ਼ੇ ਸਮੇਂ ਦੌਰਾਨ ਭਰਵਾਏ ਗਏ ਨਾਮੀਨੇਸ਼ਨ ਫਾਰਮਾਂ ਦੀਆਂ ਰਸੀਦਾਂ ਵੰਡੀਆਂ।
ਬਜ਼ੁਰਗ ਸਾਥੀ ਗੁਰਦਿਆਲ ਸਿੰਘ ਸੈਣੀ ਦੀਆਂ ਯੂਨੀਅਨ ਪ੍ਰਤੀ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।ਇਸ ਮਹੀਨੇ ਜਨਮ ਦਿਨ ਅਤੇ ਹੋਰ ਪਰੀਵਾਰਕ ਖ਼ੁਸ਼ੀਆਂ ਵਾਲੇ ਸਾਥੀਆਂ ਨੂੰ ਗਿਫ਼ਟ ਦੇ ਕੇ ਸਨਮਾਨਿਤ ਕੀਤਾ ਗਿਆ।ਅੰਤ ਵਿੱਚ ਸ਼੍ਰੀ ਅਸ਼ਵਨੀ ਕੁਮਾਰ ਵਲੋਂ ਡਿਜੀਟਲ ਲਿਟਰੇਸੀ ਵਾਲੇ ਸ਼੍ਰੀ ਰਾਜੂ ਸਿੰਘ, ਸਿਹਤਮੰਦ ਜੀਵਨ ਬਾਰੇ ਜਾਣਕਾਰੀ ਦੇਣ ਵਾਲੇ ਸ਼੍ਰੀ ਕੇ ਕੇ ਪਾਠਕ ਅਤੇ ਸਾਰੇ ਮੈਂਬਰਾਂ ਦਾ ਰੋਡਵੇਜ਼ ਦੀ ਹੜਤਾਲ ਦੇ ਬਾਵਜੂਦ ਪਹੁਚੰਣ ਤੇ ਧੰਨਵਾਦ ਕੀਤਾ।
ਮੰਚ ਸੰਚਾਲਨ ਸ਼੍ਰੀ ਸ਼ਿਵ ਨਰਾਇਣ ਵੱਲੋਂ ਬਹੁਤ ਵਧੀਆ ਤਰੀਕੇ ਨਾਲ ਕੀਤਾ ਗਿਆ।

## ਪੰਜਾਬ ਸਰਕਾਰ ਲਾਡੋਵਾਲ 'ਚ ਉੱਨਤ ਬਾਗਬਾਨੀ ਤਕਨਾਲੋਜੀ ਖੋਜ ਕੇਂਦਰ ਸਥਾਪਤ ਕਰੇਗੀ

### ਬਾਗਬਾਨੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਇੱਕ ਇੰਜਣ ਹੈ – ਕੈਬਨਿਟ ਮੰਤਰੀ ਮਹਿੰਦਰ ਭਗਤ

### ਬਾਗਬਾਨੀ ਮੰਤਰੀ ਨੇ ਰਾਜ ਪੱਧਰੀ ਸੈਮੀਨਾਰ-ਕਮ-ਪ੍ਰਦਰਸ਼ਨੀ ਦਾ ਕੀਤਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 3 ਦਸੰਬਰ : ਬਾਗਬਾਨੀ ਖੇਤਰ ਨੂੰ ਵੱਡਾ ਹੁਲਾਰਾ ਦਿੰਦੇ ਹੋਏ, ਬਾਗਬਾਨੀ ਮੰਤਰੀ ਮਹਿੰਦਰ ਭਗਤ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਲਾਡੋਵਾਲ ਵਿਖੇ ਇੱਕ ਅਤਿ-ਆਧੁਨਿਕ ਬਾਗਬਾਨੀ ਤਕਨਾਲੋਜੀ ਖੋਜ ਕੇਂਦਰ ਸਥਾਪਤ ਕਰ ਰਹੀ ਹੈ। ਲਾਡੋਵਾਲ ਵਿੱਚ ਬਾਗਬਾਨੀ ਵਿਭਾਗ ਦੁਆਰਾ ਆਯੋਜਿਤ ਰਾਜ ਪੱਧਰੀ ਸੈਮੀਨਾਰ-ਕਮ-ਪ੍ਰਦਰਸ਼ਨੀ ਦਾ ਉਦਘਾਟਨ ਕਰਦਿਆਂ, ਕੈਬਨਿਟ ਮੰਤਰੀ ਨੇ ਕਿਹਾ ਕਿ ਅਗਾਮੀ ਬਾਗਬਾਨੀ ਤਕਨਾਲੋਜੀ ਖੋਜ ਕੇਂਦਰ ਪੰਜਾਬ ਭਰ ਦੇ ਕਿਸਾਨਾਂ ਲਈ ਇੱਕ-ਸਟਾਪ ਗਿਆਨ ਕੇਂਦਰ ਵਜੋਂ ਕੰਮ ਕਰੇਗਾ ਜਿੱਥੇ ਹਰ ਕਿਸਮ ਦੇ ਫਲ, ਸਬਜ਼ੀਆਂ ਅਤੇ ਫੁੱਲਾਂ ਲਈ ਨਵੀਨਤਮ ਹਾਈ-ਟੈਕ ਕਾਸ਼ਤ ਅਭਿਆਸਾਂ ਦਾ ਸਿੱਧਾ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਇੱਥੇ ਪ੍ਰਦਰਸ਼ਨੀ ਸਥਾਨਾਂ 'ਤੇ ਹੱਥੀਂ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕੇਂਦਰ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਬਾਗਬਾਨੀ ਅਪਣਾਉਣ ਲਈ ਪ੍ਰੇਰਿਤ ਵੀ ਕਰੇਗਾ। ਕੈਬਨਿਟ ਮੰਤਰੀ ਭਗਤ ਨੇ ਸੈਂਕੜੇ ਪ੍ਰਗਤੀਸ਼ੀਲ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਤੋਂ ਉੱਚ-ਮੁੱਲ ਵਾਲੀਆਂ ਬਾਗਬਾਨੀ ਫਸਲਾਂ ਵੱਲ ਤਬਦੀਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਰਫ਼ ਬਾਗਬਾਨੀ ਵਿੱਚ ਹੀ ਕਿਸਾਨਾਂ ਦੀ ਆਮਦਨ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਦੁੱਗਣਾ ਕਰਨ ਅਤੇ ਖੁਸ਼ਹਾਲੀ ਲਿਆਉਣ ਦੀ ਸਮਰੱਥਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਕੇਂਦਰ ਉਸ ਤਬਦੀਲੀ ਦਾ ਦਿਲ ਬਣੇਗਾ।

ਕੈਬਨਿਟ ਮੰਤਰੀ ਨੇ ਕਿਸਾਨਾਂ ਨੂੰ ਬਿਨਾਂ ਕਿਸੇ ਝਿਜਕ ਦੇ ਬਾਗਬਾਨੀ ਵੱਲ ਵਿਭਿੰਨਤਾ ਲਿਆਉਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਹਰ ਕਦਮ 'ਤੇ ਪੂਰੀ ਵਿਭਾਗੀ ਸਹਾਇਤਾ ਦਾ ਭਰੋਸਾ ਦਿੱਤਾ। ਉਨ੍ਹਾਂ ਮੌਕੇ 'ਤੇ ਕਿਸਾਨਾਂ ਦੁਆਰਾ ਉਠਾਈਆਂ ਗਈਆਂ ਵਿਅਕਤੀਗਤ ਸਮੱਸਿਆਵਾਂ ਨੂੰ ਨਿੱਜੀ ਤੌਰ 'ਤੇ ਸੁਣਿਆ ਅਤੇ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਲਾਡੋਵਾਲ ਕੇਂਦਰ ਵਿਖੇ ਸਾਰੇ ਸਟਾਲਾਂ ਅਤੇ ਆਉਣ ਵਾਲੇ ਬੁਨਿਆਦੀ ਢਾਂਚੇ ਦੇ ਯੂਨਿਟਾਂ ਦਾ ਵੀ ਨਿਰੀਖਣ ਕੀਤਾ। ਡਾਇਰੈਕਟਰ ਬਾਗਬਾਨੀ, ਪੰਜਾਬ, ਸ਼ੈਲਿੰਦਰ ਕੌਰ ਨੇ ਦੁਹਰਾਇਆ ਕਿ ਵਿਭਾਗ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਬਾਗਬਾਨੀ ਮਿਸ਼ਨ, ਆਰ ਕੇ ਵੀ ਵਾਈ ਅਤੇ ਹੋਰ ਸਾਰੀਆਂ ਯੋਜਨਾਵਾਂ ਤਹਿਤ ਵਿੱਤੀ ਸਹਾਇਤਾ ਦੇਣ ਲਈ ਤਿਆਰ ਹੈ। ਉਨ੍ਹਾਂ ਸ਼ੁੱਧਤਾ ਅਤੇ ਡਿਜੀਟਲ ਤਕਨਾਲੋਜੀਆਂ ਨੂੰ ਅਪਣਾ ਕੇ ਇਨਪੁੱਟ ਲਾਗਤਾਂ ਨੂੰ ਘਟਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ।

ਪ੍ਰਦਰਸ਼ਨੀ ਦੌਰਾਨ, ਟੌਪਕੌਨ ਕੰਪਨੀ ਨੇ ਲਾਈਵ ਫੀਲਡ ਪ੍ਰਦਰਸ਼ਨ ਰਾਹੀਂ ਜੀ ਪੀ ਐਸ-ਅਧਾਰਤ ਆਟੋ-ਸਟੀਅਰਿੰਗ ਤਕਨਾਲੋਜੀ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਸਮੇਂ, ਬਾਲਣ, ਬੀਜ, ਖਾਦਾਂ ਅਤੇ ਕੀਟਨਾਸ਼ਕਾਂ ਦੀ ਭਾਰੀ ਬੱਚਤ ਦੇ ਨਾਲ ਇੱਕਸਾਰ ਬਿਜਾਈ, ਛਿੜਕਾਅ ਅਤੇ ਕਟਾਈ ਨੂੰ ਉਜਾਗਰ ਕੀਤਾ ਗਿਆ। ਹਾਈਗ੍ਰੋਕਸਿਸ ਹੁਮਿਡੀਆ ਲੈਬ ਪ੍ਰਾਈਵੇਟ ਲਿਮਟਿਡ ਨੇ ਤੁਰੰਤ ਡਿਜੀਟਲ ਮਿੱਟੀ ਜਾਂਚ ਅਤੇ ਮੌਕੇ 'ਤੇ ਮਿੱਟੀ ਸਿਹਤ ਕਾਰਡ ਬਣਾਉਣ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸੰਯੁਕਤ ਨਿਰਦੇਸ਼ਕ ਬਾਗਬਾਨੀ ਡਾ. ਹਰਮੇਲ ਸਿੰਘ, ਸੰਯੁਕਤ ਵਿਕਾਸ ਕਮਿਸ਼ਨਰ ਡਾ. ਗੁਰਸ਼ਰਨ ਸਿੰਘ, ਡਿਪਟੀ ਨਿਰਦੇਸ਼ਕ ਬਾਗਬਾਨੀ ਡਾ. ਹਰਪ੍ਰੀਤ ਸਿੰਘ ਸੇਠੀ, ਡਿਪਟੀ ਨਿਰਦੇਸ਼ਕ ਬਾਗਬਾਨੀ ਡਾ. ਦਲਬੀਰ ਸਿੰਘ, ਸਹਾਇਕ ਨਿਰਦੇਸ਼ਕ ਡਾ. ਵਿਜੇ ਪ੍ਰਤਾਪ, ਡਾ. ਨਿਖਿਲ ਅੰਬੀਸ਼ ਮਹਿਤਾ, ਡਾ. ਗੁਰਪ੍ਰੀਤ ਕੌਰ, ਡਾ. ਨਵਜੋਤ ਕੌਰ, ਡਾ. ਸ਼ੈਲੀ ਸੰਧੂ ਅਤੇ ਬਾਗਬਾਨੀ ਵਿਕਾਸ ਅਧਿਕਾਰੀ ਜਸਪ੍ਰੀਤ ਕੌਰ ਗਿੱਲ ਸ਼ਾਮਲ ਸਨ। ਪ੍ਰਦਰਸ਼ਨੀ ਨੂੰ ਰਾਜ ਭਰ ਦੇ ਪ੍ਰਗਤੀਸ਼ੀਲ ਕਿਸਾਨਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

## ਪੀ.ਏ.ਯੂ. ਦੇ ਬੇਸਿਕ ਸਾਇੰਸਜ਼ ਕਾਲਜ ਵਲੋਂ 6ਵੀਂ ਐਲੂਮਨੀ ਮੀਟ ਕਰਵਾਈ ਗਈ

### ਬੇਸਿਕ ਸਾਇੰਸਜ਼ ਕਾਲਜ ਨੇ ਆਪਣੇ 60 ਵਰ੍ਹਿਆਂ ਦੇ ਸਫ਼ਰ ਦੌਰਾਨ ਚੋਟੀ ਦੇ ਵਿਗਿਆਨੀ, ਅਧਿਆਪਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਦੇਸ਼ ਦੀ ਸੇਵਾ ਨੂੰ ਅਰਪਣ ਕੀਤੇ: ਡਾ. ਜੌਹਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 3 ਦਸੰਬਰ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ ਵਲੋਂ ਡਾਇਮੰਡ ਜੁਬਲੀ ਮੌਕੇ ਆਪਣੇ ਪੁਰਾਣੇ ਵਿਦਿਆਰਥੀਆਂ ਦੀ ਛੇਵੀਂ ਮਿਲਣੀ (ਐਲੂਮਨੀ ਮੀਟ) ਕਰਵਾਈ ਗਈ| ਆਭਾ (ਐਸੋਸੀਏਸ਼ਨ ਆਫ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼ ਐਲੂਮਨੀ) ਦੀ ਸਰਪ੍ਰਸਤੀ ਹੇਠ ਕਰਵਾਈ ਗਈ ਇਸ ਮਿਲਣੀ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਪੁਰਾਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ| ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ, ਚਾਂਸਲਰ, ਸੈਂਟਰਲ ਯੂਨੀਵਰਸਿਟੀ, ਪੰਜਾਬ ਇਸ ਮਿਲਣੀ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਡਾ. ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੀ.ਏ.ਯੂ. ਨੇ ਇਸ ਐਲੂਮਨੀ ਮੀਟ ਦੀ ਪ੍ਰਧਾਨਗੀ ਕੀਤੀ|

ਐਲੂਮਨੀ ਮੀਟ ਨੂੰ ਸੰਬੋਧਨ ਕਰਦਿਆਂ ਡਾ. ਜੌਹਲ ਨੇ ਬੇਸਿਕ ਸਾਇੰਸਜ਼ ਕਾਲਜ ਦੀ ਸਥਾਪਨਾ ਦੇ ਪਿਛੋਕੜ ਅਤੇ ਇਸ ਨਾਲ ਆਪਣੇ ਡੂੰਘੇ ਰਿਸ਼ਤੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 1965 ਵਿਚ ਸਥਾਪਿਤ ਹੋਣ ਉਪਰੰਤ ਇਸ ਕਾਲਜ ਨੇ ਆਪਣੇ 60 ਵਰ੍ਹਿਆਂ ਦੇ ਸਫ਼ਰ ਦੌਰਾਨ ਚੋਟੀ ਦੇ ਵਿਗਿਆਨੀ, ਅਧਿਆਪਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਦੇਸ਼ ਦੀ ਸੇਵਾ ਨੂੰ ਅਰਪਣ ਕੀਤੇ ਹਨ| ਉਨ੍ਹਾਂ ਕਿਹਾ ਕਿ ਖੇਤੀਬਾੜੀ ਨੂੰ ਹੁਲਾਰਾ ਦੇਣ ਲਈ ਮੁੱਢਲੇ ਵਿਗਿਆਨਾਂ ਦੀ ਡੂੰਘੀ ਜਾਣਕਾਰੀ ਪ੍ਰਦਾਨ ਕਰਨ ਵਾਲਾ ਇਹ ਕਾਲਜ ਅਤੇ ਇਸਦੇ ਵਿਭਾਗ ਪੀ.ਏ.ਯੂ. ਦੇ ਅਹਿਮ ਅੰਗ ਹਨ, ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਨੀਤੀਆਂ ਘੜ ਕੇ ਦੇਸ਼ ਦੀ ਖੇਤੀਬਾੜੀ ਨੂੰ ਨਵੀਆਂ ਸਿਖਰਾਂ ਵੱਲ ਲਿਜਾ ਰਹੇ ਹਨ| ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਤੇ ਮਾਣ ਕਰਦਿਆਂ ਉਹਨਾਂ ਨੇ ਮੌਜੂਦਾ ਵਿਦਿਆਰਥੀਆਂ ਨੂੰ ਨਸੀਅਤ ਦਿੰਦਿਆਂ ਕਿਹਾ ਕਿ ਜ਼ਿੰਦਗੀ ਸੰਘਰਸ਼ ਦਾ ਨਾਮ ਹੈ, ਜੋ ਹਰ ਪਲ ਸਾਨੂੰ ਸਬਕ ਸਿਖਾਉਂਦੀ ਹੈ ਪਰ ਕਾਲਜ ਅਤੇ ਯੂਨੀਵਰਸਿਟੀ ਤੋਂ ਹਾਸਲ ਕੀਤੀ ਸਿੱਖਿਆ ਤੁਹਾਨੂੰ ਇਸ ਸੰਘਰਸ਼ਮਈ ਜ਼ਿੰਦਗੀ ਨਾਲ ਜੂਝਣਾ ਸਿਖਾਉਂਦੀ ਹੈ, ਤੁਹਾਡੇ ਲਈ ਪੂਰੀ ਦੁਨੀਆਂ ਦੇ ਨਵੇਂ ਦਰਵਾਜ਼ੇ ਖੋਲਦੀ ਹੈ| ਯੂਨੀਵਰਸਿਟੀ ਅਧਿਆਪਕਾਂ ਨੂੰ ਉੱਤਮ ਮਿਸਾਲ ਬਣਨ ਦੀ ਲੋੜ ਤੇ ਅਪੀਲ ਕਰਦਿਆਂ ਉਹਨਾਂ ਕਿਹਾ ਕਿ ਵਿਦਿਆਰਥੀਆਂ ਦੇ ਭਵਿੱਖ ਦਾ ਰਾਹ ਦਸੇਰਾ ਬਣ ਕੇ, ਉਨ੍ਹਾਂ ਦੀ ਸੁਚੱਜੀ ਅਗਵਾਈ ਕਰਨ,



ਉਹਨਾਂ ਦੇ ਸ਼ੰਕਿਆਂ ਨੂੰ ਨਵਿਰਤ ਕਰਨ ਅਤੇ ਉਨ੍ਹਾਂ ਅੰਦਰ ਵੱਧ ਤੋਂ ਵੱਧ ਸਵਾਲ ਪੁੱਛਣ ਦਾ ਜ਼ਜ਼ਬਾ ਪੈਦਾ ਕਰਨਾ ਜ਼ਰੂਰੀ ਹੈ ਤਾਂ ਜੋ ਉਹ ਸਥਾਪਿਤ ਲੀਹਾਂ ਤੋਂ ਉੱਪਰ ਉੱਠ ਕੇ ਆਪਣਾ ਵੱਖਰਾ ਦ੍ਰਿਸ਼ਟੀਕੋਣ ਬਣ ਸਕਣ| ਲੜਕੀਆਂ ਵਿਚ ਪੜ੍ਹਨ-ਲਿਖਣ ਦੀ ਰੁਚੀ ਵੱਧ ਹੋਣ ਤੇ ਖੁਸ਼ੀ ਪ੍ਰਗਟ ਕਰਦਿਆਂ ਉਹਨਾਂ ਲੜਕਿਆਂ ਨੂੰ ਵੀ ਖੇਤੀ ਖੋਜ ਅਤੇ ਸਿੱਖਿਆ ਵਿਚ ਮੁਹਾਰਤ ਹਾਸਲ ਕਰਨ ਲਈ ਪ੍ਰੇਰਿਆ| ਬੇਸਿਕ ਸਾਇੰਸਜ਼ ਕਾਲਜ ਅਤੇ ਪੀ.ਏ.ਯੂ. ਨਾਲ ਆਪਣੀ ਜ਼ਜ਼ਬਾਤੀ ਸਾਂਝ ਜ਼ਾਹਿਰ ਕਰਦਿਆਂ ਉਹਨਾਂ ਕਿਹਾ ਕਿ ਦੇਸ਼-ਵਿਦੇਸ਼ ਵਿਚ ਵੱਡੀਆਂ ਸੰਸਥਾਵਾਂ ਅਤੇ ਉੱਚੇ ਅਹੁਦਿਆਂ ਤੇ ਸੇਵਾ ਨਿਭਾਉਣ ਦੇ ਬਾਵਜੂਦ ਪੀ.ਏ.ਯੂ. ਮੇਰੀ ਰੂਹ ਵਿਚ ਵਸਦੀ ਹੈ ਅਤੇ ਇਹ ਸਾਂਝ ਹਮੇਸ਼ਾਂ ਇਸੇ ਤਰ੍ਹਾਂ ਕਾਇਮ ਰਹੇਗੀ|

ਡਾ. ਸਤਿਬੀਰ ਸਿੰਘ ਗੋਸਲ ਵਾਈਸ ਚਾਂਸਲਰ ਪੀ.ਏ.ਯੂ. ਨੇ ਐਲੂਮਨੀ ਮੀਟ ਵਿਚ ਸ਼ਿਰਕਤ ਕਰ ਰਹੇ ਪੁਰਾਣੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀਆਂ ਖੇਤੀ ਖੋਜ, ਸਿੱਖਿਆ ਅਤੇ ਪਸਾਰ ਗਤੀਵਿਧੀਆਂ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਹ ਯੂਨੀਵਰਸਿਟੀ ਪਿਛਲੇ ਲਗਾਤਾਰ ਤਿੰਨ ਸਾਲ ਤੋਂ ਦੇਸ਼ ਭਰ ਦੀਆਂ 75 ਖੇਤੀ ਯੂਨੀਵਰਸਿਟੀਆਂ ਵਿਚੋਂ ਪਹਿਲੇ ਨੰਬਰ ਤੇ ਆ ਰਹੀ ਹੈ| ਉਨ੍ਹਾਂ ਦੱਸਿਆ ਕਿ ਪਿਛਲੇ ਛੇ ਸਾਲਾਂ ਦੌਰਾਨ ਪੀ.ਏ.ਯੂ. ਦੇ ਲਗਭਗ 500 ਵਿਦਿਆਰਥੀ ਬਾਹਰਲੇ ਮੁਲਕਾਂ ਵਿਚ ਉਚੇਰੀ ਸਿੱਖਿਆ ਹਾਸਲ ਕਰਨ ਗਏ ਹਨ, 4 ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਫੈਲੋਸ਼ਿਪ ਅਤੇ 25 ਵਿਦਿਆਰਥੀਆਂ ਨੇ ਇੰਸਪਾਇਰ ਫੈਲੋਸ਼ਿਪ ਹਾਸਲ ਕੀਤੀ ਹੈ| ਉਨ੍ਹਾਂ ਦੱਸਿਆ ਕਿ ਇਹ ਯੂਨੀਵਰਸਿਟੀ ਸਿਰਫ ਹਰੀ ਕ੍ਰਾਂਤੀ ਦੀ ਹੀ ਜਣਨੀ ਨਹੀਂ ਬਲਕਿ 7 ਹੋਰ ਯੂਨੀਵਰਸਿਟੀਆਂ ਦੀ ਵੀ ਜਣਨਹਾਰੀ ਹੈ, ਜੋ ਖੇਤੀ ਖੋਜ, ਸਿੱਖਿਆ ਅਤੇ ਪਸਾਰ ਵਿਚ ਨਵੀਆਂ ਪਿਰਤਾਂ ਪਾ ਰਹੀਆਂ ਹਨ| ਉਨ੍ਹਾਂ ਦੱਸਿਆ ਕਿ ਪੰਜਾਬ ਦੀ ਖੇਤੀ ਨੂੰ ਹੁਲਾਰਾ ਦੇਣ ਲਈ ਯੂਨੀਵਰਸਿਟੀ ਵੱਲੋਂ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਦੇ ਇਵਜ਼ ਵਜੋਂ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਗ੍ਰਾਂਟ ਮੁਹਈਆ ਕਰਵਾਈ ਜਾ ਰਹੀ ਹੈ, ਜਿਸ ਨਾਲ ਯੂਨੀਵਰਸਿਟੀ ਦੀਆਂ ਲੈਬਾਰਟਰੀਆਂ, ਲਾਇਬ੍ਰੇਰੀ, ਹੋਸਟਲ ਅਤੇ ਸਮੁੱਚੇ ਬੁਨਿਆਦੀ ਢਾਂਚੇ ਨੂੰ ਨਵਿਆਇਆ ਜਾ ਰਿਹਾ ਹੈ| ਬੇਸਿਕ ਸਾਇੰਸਜ਼ ਕਾਲਜ ਵਲੋਂ ਇਕ ਚਾਂਸਲਰ, ਦਸ ਵਾਈਸ ਚਾਂਸਲਰ, ਉੱਘੇ ਵਿਗਿਆਨੀ, ਪ੍ਰਸ਼ਾਸਨਿਕ ਅਧਿਕਾਰੀ ਅਤੇ ਦੇਸ਼ ਭਰ ਨੂੰ ਚੰਗੇ ਨਾਗਰਿਕ ਦੇਣ ਦਾ ਮਾਣ ਮਹਿਸੂਸ ਕਰਦਿਆਂ ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਕਾਲਜ ਵਿਚ 600 ਤੋਂ ਵੱਧ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ, ਜਦਕਿ ਅਧਿਆਪਕਾਂ ਦੀ ਗਿਣਤੀ 118 ਹੈ ਅਤੇ ਇਸ ਤਰ੍ਹਾਂ ਹਰੇਕ ਅਧਿਆਪਕ ਸਿਰਫ਼ ਪੰਜ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰ ਰਿਹਾ ਹੈ| ਕਾਲਜ ਦੀ ਡਾਇਮੰਡ ਜੁਬਲੀ ਮੌਕੇ ਕਰਵਾਈ ਜਾ ਰਹੀ ਇਸ ਐਲੂਮਨੀ ਮੀਟ ਦਾ ਸਮੁੱਚਾ ਸਿਹਰਾ ਆਭਾ ਦੇ ਸਿਰ ਬੰਨਦਿਆਂ ਉਨ੍ਹਾਂ ਦੱਸਿਆ ਕਿ ਇਸ ਸੰਸਥਾ ਨਾਲ ਵਿਸ਼ਵ ਭਰ ਵਿੱਚੋਂ 6000 ਤੋਂ ਵੱਧ ਪੁਰਾਣੇ ਵਿਦਿਆਰਥੀ ਜੁੜੇ ਹੋਏ ਹਨ|

ਡਾ. ਕਿਰਨ ਬੈਂਸ, ਡੀਨ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ ਅਤੇ ਪ੍ਰਧਾਨ ਆਭਾ ਨੇ ਕਾਲਜ ਦੀ ਡਾਇਮੰਡ ਜੁਬਲੀ ਮੌਕੇ ਕਰਵਾਈ ਜਾ ਰਹੀ 6ਵੀਂ ਐਲੂਮਨੀ ਮੀਟ ਵਿਚ ਆਭਾ ਦੀ ਰਿਪੋਰਟ ਪੇਸ਼ ਕਰਦਿਆਂ ਪਦਮਸ਼੍ਰੀ ਡਾ. ਸੁਰਜੀਤ ਸਿੰਘ ਪਾਤਰ, ਡਾ. ਸਤਿਆ ਨੰਦ ਸੇਵਕ, ਸ੍ਰੀ ਰਮੇਸ਼ ਵਿਨਾਇਕ, ਸ੍ਰੀ ਵਰਿੰਦਰ ਵਾਲੀਆ, ਡਾ. ਸੁਖਪਾਲ ਸਿੰਘ, ਸ੍ਰੀ ਪੀ ਪੀ ਐੱਸ ਗਿੱਲ, ਡਾ. ਦੀਪ ਸੈਣੀ ਅਤੇ ਹੋਰ ਅਨੇਕਾਂ ਉੱਘੀਆਂ ਸ਼ਖਸੀਅਤਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਨੇ ਦੇਸ਼-ਵਿਦੇਸ਼ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕੀਤੀ| ਉਨ੍ਹਾਂ ਦੱਸਿਆ ਕਿ ਕਾਲਜ ਵਿਚਲੇ 8 ਵਿਭਾਗਾਂ ਵਿਚ ਤਨਦੇਹੀ ਨਾਲ ਸੇਵਾ ਨਿਭਾਅ ਰਹੇ 118 ਅਧਿਆਪਕ ਯੂਨੀਵਰਸਿਟੀ ਦੇ ਖੋਜ, ਅਧਿਆਪਣ ਅਤੇ ਪਸਾਰ ਕਾਰਜਾਂ ਵਿਚ ਆਪਣਾ ਬਣਦਾ ਯੋਗਦਾਨ ਨਿਭਾਅ ਰਹੇ ਹਨ| ਕਾਲਜ ਅਤੇ ਯੂਨੀਵਰਸਿਟੀ ਦੇ ਸਮੁੱਚੇ ਵਿਕਾਸ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਣ ਅਤੇ ਵੱਡਮੁੱਲਾ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿਚ ਬਹੁਤ ਜਲਦ ਇਕ ਐਲੂਮਨੀ ਸੈਂਟਰ ਬਣਨ ਜਾ ਰਿਹਾ ਹੈ, ਜੋ ਪੁਰਾਣੇ ਵਿਦਿਆਰਥੀਆਂ ਨੂੰ ਹਮੇਸ਼ਾ ਲਈ ਇਸ ਸੰਸਥਾ ਨਾਲ ਜੋੜਨ ਦਾ ਉਪਰਾਲਾ ਕਰੇਗਾ|

ਡਾ. ਸਵਰਨਦੀਪ ਸਿੰਘ ਹੁੰਦਲ, ਸਾਬਕਾ ਮੁਖੀ, ਜੂਆਲੋਜੀ ਵਿਭਾਗ ਅਤੇ ਸਕੱਤਰ, ਆਭਾ ਨੇ ਐਲੂਮਨੀ ਮੀਟ ਵਿਚ ਸ਼ਿਰਕਤ ਕਰ ਰਹੇ ਪੁਰਾਣੇ ਅਤੇ ਮੌਜੂਦਾ ਵਿਦਿਆਰਥੀਆਂ, ਅਧਿਆਪਕਾਂ ਅਤੇ ਪਤਵੰਤਿਆਂ ਨੂੰ ਨਿੱਘਾ ਜੀ ਆਇਆ ਕਹਿੰਦਿਆਂ ਸਾਲ 2016 ਵਿਚ ਹੋਂਦ ਵਿਚ ਆਈ ਆਭਾ, ਇਸ ਵੱਲੋਂ ਕੀਤੇ ਜਾ ਰਹੇ ਕਾਰਜਾਂ ਅਤੇ ਮੰਤਵਾਂ ਬਾਰੇ ਜਾਣਕਾਰੀ ਦਿੱਤੀ| ਉਨ੍ਹਾਂ ਕਿਹਾ ਕਿ ਸਾਲ 1965 ਵਿਚ ਸਥਾਪਿਤ ਹੋਏ ਬੇਸਿਕ ਸਾਇੰਸਜ਼ ਕਾਲਜ ਦੇ 60 ਵਰ੍ਹਿਆਂ ਦੇ ਸਫ਼ਰ ਦੌਰਾਨ ਭਾਵੇਂ ਕਿੰਨੀਆਂ ਹੀ ਤਬਦੀਲੀਆਂ ਆਈਆਂ ਹਨ ਪਰ ਸਾਡੀਆਂ ਯਾਦਾਂ ਉਨ੍ਹਾਂ ਪੁਰਾਣੇ ਪਲਾਂ ਨੂੰ ਹਮੇਸ਼ਾਂ ਤਰੋ ਤਾਜ਼ਾ ਰੱਖਦੀਆਂ ਹਨ| ਉਨ੍ਹਾਂ ਕਿਹਾ ਕਿ ਕਿਸੇ ਵੀ ਵਿਦਿਅਕ ਸੰਸਥਾ ਦੀ ਅਸਲ ਸੰਪਤੀ ਉਸਦੇ ਵਿਦਿਆਰਥੀ ਹੁੰਦੇ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਵੱਡੀਆਂ ਮੱਲ੍ਹਾਂ ਮਾਰ ਕੇ ਉਸ ਸੰਸਥਾ ਦਾ ਨਾਮ ਰੌਸ਼ਨ ਕਰਦੇ ਹਨ| ਇਸ ਮੌਕੇ ਯੂਨੀਵਰਸਿਟੀ ਅਧਿਕਾਰੀਆਂ ਵਲੋਂ ਡਾ. ਸਰਦਾਰਾ ਸਿੰਘ ਜੌਹਲ, ਡਾ. ਜੈਰੂਪ ਸਿੰਘ, ਡਾ. ਆਰ. ਐੱਸ ਬਾਵਾ, ਸਵਰਗਵਾਸੀ ਡਾ. ਵੀ ਪੀ ਗੁਪਤਾ, ਡਾ. ਅਮਰੀਕ ਸਿੰਘ ਆਹਲੂਵਾਲੀਆ, ਡਾ. ਗੁਰਸ਼ਰਨ ਸਿੰਘ ਰੰਧਾਵਾ, ਡਾ. ਪ੍ਰਤਿਭਾ ਗੋਇਲ, ਡਾ. ਸਤਿਬੀਰ ਸਿੰਘ ਗੋਸਲ, ਡਾ. ਗੁਰਿੰਦਰ ਕੌਰ ਸਾਂਘਾ, ਡਾ. ਸ਼ੰਮੀ ਕਪੂਰ, ਡਾ ਸਵਰਨਦੀਪ ਸਿੰਘ ਹੁੰਦਲ ਅਤੇ ਡਾ. ਕਿਰਨ ਬੈਂਸ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ| ਕਾਲਜ ਵਿਚ ਆਪਣੀਆਂ ਸਾਨਦਾਰ ਸੇਵਾਵਾਂ ਨਿਭਾਅ ਕੇ ਸੇਵਾ ਮੁਕਤ ਹੋਏ ਡਾ. ਮਨਜੀਤ ਕੌਰ, ਡਾ.ਐਮ.ਕੇ.ਸੇਖੋਂ, ਡਾ. ਮਿਨੀ ਗੋਇਲ, ਡਾ. ਵਿਨੈ ਸ਼ਰਮਾ, ਡਾ. ਐੱਸ ਐੱਸ ਸਿੱਧੂ, ਡਾ. ਪੂਨਮ ਸ਼ਰਮਾ, ਡਾ. ਸਰਬਜੀਤ ਸਿੰਘ, ਡਾ. ਬਵਿਤਾ ਅਸਥਿਰ, ਡਾ. ਨੀਨਾ ਚਾਵਲਾ, ਡਾ. ਸੁਚੇਤ ਸ਼ਰਮਾ, ਡਾ. ਨੀਰਜ ਸ਼ਰਮਾ ਅਤੇ ਡਾ. ਸੀਮਾ ਬੇਦੀ ਦਾ ਵੀ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ| ਡਾ. ਗੌਰਵ ਸਰੀਨ, ਡਾ. ਚੰਦਰ ਪਾਲ ਸ਼ਰਮਾ ਅਤੇ ਬੈਂਕ ਆਫ਼ ਬੜੌਦਾ ਵਲੋਂ ਵਿਤੀ ਯੋਗਦਾਨ ਪਾਉਣ ਦੇ ਇਵਜ਼ ਵਜੋਂ ਮਾਣ-ਸਨਮਾਨ ਕੀਤਾ ਗਿਆ|
ਖੇਤੀ ਪੱਤਰਕਾਰੀ ਭਾਸ਼ਾਵਾਂ ਅਤੇ ਸਭਿਆਚਾਰ ਵਿਭਾਗ ਦੀ ਵਿਦਿਆਰਥਣ ਤਨਵੀ ਨੂੰ ਪ੍ਰੋਤਸਾਹਣ ਪ੍ਰਮਾਣ ਪੱਤਰ ਪ੍ਰਦਾਨ ਕੀਤਾ ਗਿਆ| ਇਸ ਮੌਕੇ ਕਾਲਜ ਦੇ 60 ਵਰ੍ਹਿਆਂ ਦੇ ਸਫ਼ਰ ਉੱਤੇ ਤਿਆਰ ਕੀਤੀ ਕਾਫੀ ਟੇਬਲ ਬੁੱਕ ਰਲੀਜ਼ ਕੀਤੀ ਗਈ| ਕਾਲਜ ਉੱਤੇ ਤਿਆਰ ਕੀਤੀ ਗਈ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ| ਕਾਲਜ ਦੇ ਵਿਦਿਆਰਥੀਆਂ ਨੇ ਲੋਕ ਨਾਚਾਂ ਅਤੇ ਲੋਕ ਗੀਤਾਂ ਰਾਹੀਂ ਖੂਬ ਰੰਗ ਬੰਨਿਆਂ| ਧੰਨਵਾਦ ਦੇ ਸ਼ਬਦ ਡਾ. ਦਿਵਿਆ ਵੱਲੋਂ ਕਹੇ ਗਏ|

## ਪੁਸਤਕ ਸਮੀਖਿਆ:- ਦ ਰੇਨ ਆਈ ਕਲੇਮ — ਹਰੀਸ਼ ਮਸੰਦ




ਵਰਲਡ ਪੰਜਾਬੀ ਟਾਈਮਜ਼
ਡਾ. ਰਿਸ਼ੀ ਸਿੰਘ

ਹਰੀਸ਼ ਮਸੰਦ ਦੀ ਕਿਤਾਬ ਦ ਰੇਨ ਆਈ ਕਲੇਮ ਇਕ ਨਰਮ, ਹਿੰਮਤ-ਭਰੀ ਆਤਮਕਥਾਤਮਕ ਰਚਨਾ ਹੈ, ਜੋ ਹਿੰਦੀ–ਅੰਗਰੇਜ਼ੀ ਦੁਭਾਸ਼ੀਏ ਨਰਮ-ਮੁੜੇ ਸੰਸਕਰਣ ਵਿੱਚ ਪ੍ਰਸਤੁਤ ਕੀਤੀ ਗਈ ਹੈ। ਇਹ ਰੂਪ ਇੰਡੀਆ ਨਾਲ ਲੇਖਕ ਦੇ ਰਿਸ਼ਤਿਆਂ ਅਤੇ ਕੈਨੇਡਾ ਦੀ ਨਵੀਂ ਧਰਤੀ ਦੇ ਨਾਲ ਉਸਦੀ ਜੁੜਤ — ਦੋਵਾਂ ਨੂੰ ਖੂਬਸੂਰਤੀ ਨਾਲ ਨਿਭਾਉਂਦਾ ਹੈ। ਆਪਣੇ ਮਾਤਾ-ਪਿਤਾ, ਸ੍ਰੀ ਚੰਦ ਅਤੇ ਰਾਜਨੀ ਮਸੰਦ ਨੂੰ ਸਮਰਪਿਤ ਇਹ ਕਿਤਾਬ ਪਰਿਵਾਰਕ ਪਿਆਰ, ਯਾਦਾਂ, ਹਿੰਮਤ, ਪਰਵਾਸ ਅਤੇ ਅੰਦਰੂਨੀ ਰੂਪਾਂਤਰਨ ਨੂੰ ਇੱਕੋ ਵਾਰ ਉਜਾਗਰ ਕਰਦੀ ਹੈ।

ਕਿਤਾਬ ਦਾ ਭੂਮਿਕਾ ਭਾਗ, ਜੋ ਦਿੱਲੀ ਯੂਨੀਵਰਸਿਟੀ ਦੀ ਪ੍ਰੋ. ਰੂਪਾਲੀ ਸਿਰਕਾਰ ਗੌਰ ਨੇ ਬੇਮਿਸਾਲ ਨਜ਼ਾਕਤ ਨਾਲ ਲਿਖਿਆ ਹੈ, ਰਚਨਾ ਦੀ ਲਹਿਰ ਨੂੰ ਤੁਰੰਤ ਸੈੱਟ ਕਰ ਦਿੰਦਾ ਹੈ। ਉਹਨਾਂ ਦੇ ਚਿੰਤਨ — ਕਵਿਤਮਈ, ਦਰਸ਼ਨਿਕ ਤੇ ਗੂੜ੍ਹੇ ਅਹਿਸਾਸਾਂ ਨਾਲ ਭਰੇ — ਲੇਖਕ ਦੇ ਵੈਂਕੇਟੇਸ਼ਵਰ ਕਾਲਜ ਤੋਂ ਲੈ ਕੇ ਜੀਵਨ ਦੇ ਵਿਸ਼ਾਲ ਭਾਵਨਾਤਮਕ ਅਤੇ ਭੂਗੋਲਕ ਖੇਤਰਾਂ ਤੱਕ ਦੇ ਸਫ਼ਰ ਨੂੰ ਛੂਹਦੇ ਹਨ। ਲੇਖਕ ਜਿਨ੍ਹਾਂ ਨੂੰ ਆਪਣੀ "ਗਾਈਡਿੰਗ ਐਂਜਲ ਅਤੇ ਰੱਬ ਵੱਲੋਂ ਭੇਜੀ ਮਾਂ" ਕਹਿੰਦਾ ਹੈ, ਉਹਨਾਂ ਦੀ ਇਹ ਭੂਮਿਕਾ ਉਸ ਭਰੋਸੇ ਨੂੰ ਪੂਰੀ ਤਰ੍ਹਾਂ ਸਾਬਤ ਕਰਦੀ ਹੈ। ਉਹ ਲਿਖਦੀਆਂ ਹਨ ਕਿ "ਹਰੀਸ਼ ਇੱਕ ਡੂੰਘੇ ਕਾਵਿਤਕ ਸਫ਼ਰ 'ਤੇ ਨਿਕਲਦਾ ਹੈ, ਜੋ ਯਾਦਾਂ ਜਗਾਉਂਦਾ ਹੈ ਅਤੇ ਸਾਨੂੰ ਵੀ ਇੱਕ ਨਿੱਜੀ ਯਾਤਰਾ 'ਤੇ ਨਾਲ ਲੈ ਜਾਂਦਾ ਹੈ" — ਇੱਕ ਐਸੀ ਲਾਈਨ ਜੋ ਕਿਤਾਬ ਦੀ ਰੂਹ ਨੂੰ ਪਹਿਲਾਂ ਹੀ ਅਨੁਮਾਨ ਲਾ ਦਿੰਦੀ ਹੈ।

ਪ੍ਰੋ. ਸਿਰਕਾਰ ਮਸੰਦ ਦੇ ਯੂਨੀਵਰਸਿਟੀ ਸਾਲਾਂ ਨੂੰ ਗਰਮੀ ਨਾਲ ਯਾਦ ਕਰਦੀਆਂ ਹਨ — ਖ਼ਾਸਕਰ ਉਹਨਾਂ ਦੀ ਅਗਵਾਈ ਵਿੱਚ ਚੱਲ ਰਹੇ ਵੁਮੈਨਜ਼ ਡਿਵੈਲਪਮੈਂਟ ਸੈਂਟਰ ਦਾ ਕੰਮ ਅਤੇ ਸੰਸਦ ਦੇ ਐਨੈਕਸ ਵਿੱਚ ਦਿੱਤਾ ਗਿਆ ਬਿਆਨ। ਇਹ ਦੋਵੇਂ ਪ੍ਰਾਪਤੀਆਂ ਇੱਕ ਸਮਾਜਿਕ ਸੰਵੇਦਨਸ਼ੀਲ ਮਨ ਦੀ ਸ਼ੁਰੂਆਤੀ ਪੱਕੜ ਨੂੰ ਦਰਸਾਉਂਦੀਆਂ ਹਨ। ਉਹ ਲੇਖਕ ਦੀ ਜੀਵਨ ਸਾਥੀ ਪ੍ਰੀਆ ਦੀ ਅਟੱਲ ਸਹਿਯੋਗੀ ਭੂਮਿਕਾ ਨੂੰ ਵੀ ਉਜਾਗਰ ਕਰਦੀਆਂ ਹਨ, ਜਿਸ ਨੇ ਇਸ ਆਤਮਕਥਾ ਦੇ ਕਈ ਫ਼ੈਸਲਿਆਂ ਨੂੰ ਚੋਖੇ ਤੌਰ 'ਤੇ ਮਾਰਗਦਰਸ਼ਿਤ ਕੀਤਾ।

ਅੱਗੇ ਕਹਾਣੀ ਮਸੰਦ ਦੀ ਜ਼ਿੰਦਗੀ ਦੀ ਇਕ ਖੁੱਲ੍ਹੀ, ਸੱਚੀ ਅਤੇ ਬੇਝਿਝਕ ਬਿਆਨੀ ਬਣ ਜਾਂਦੀ ਹੈ — ਬਚਪਨ ਤੋਂ ਹੀ ਹਵਾਬਾਜ਼ੀ ਲਈ ਰੁਝਾਨ, ਏਅਰਲਾਈਨ ਉਦਯੋਗ ਵਿੱਚ ਤਰੱਕੀ ਅਤੇ ਬਾਅਦ ਵਿੱਚ ਅੰਮ੍ਰਿਤਸਰ ਹਵਾਈ ਅੱਡੇ ਦੇ ਹੈੱਡ ਆਫ਼ ਓਪਰੇਸ਼ਨਜ਼ ਤੱਕ ਦਾ ਸਫ਼ਰ। ਹਵਾਈ ਅੱਡੇ ਦੀ ਚਮਕ-ਧਮਕ, ਜ਼ਿੰਮੇਵਾਰੀਆਂ ਦੀ ਦੌੜ-ਭੱਜ ਅਤੇ ਪ੍ਰਾਪਤੀਆਂ ਦਾ ਗੌਰਵ — ਇਹ ਸਭ ਕਿਤਾਬ ਵਿੱਚ ਜੀਉਂਦਿਆਂ ਵਾਂਗ ਸਾਹਮਣੇ ਆਉਂਦਾ ਹੈ। ਪਰ ਜੀਵਨ ਦੀ ਚਮਕ ਇਕਦਮ ਉਸ ਵੇਲੇ ਮੰਦੀ ਪੈ ਜਾਂਦੀ ਹੈ ਜਦੋਂ ਉਸਦਾ ਛੋਟਾ ਭਰਾ, ਅਮਨ, ਦੁਖਦਾਈ ਮੌਤ ਦਾ ਸ਼ਿਕਾਰ ਹੁੰਦਾ ਹੈ। ਮਸੰਦ ਇੱਥੇ ਦਰਦ ਅਤੇ ਚੋਟ ਨੂੰ ਨੰਗੀ ਸਚਾਈ ਨਾਲ ਲਿਖਦਾ ਹੈ: "ਜ਼ਿੰਦਗੀ ਵਿੱਚ ਪਹਿਲੀ ਵਾਰ ਮੈਨੂੰ ਇਸ ਰੰਗੀਨ ਦੁਨੀਆ ਦਾ ਹਨੇਰਾ ਚਿਹਰਾ ਦਿਖਿਆ…"। ਨਿਆਂਕ ਪ੍ਰਣਾਲੀ ਦੀ ਨਾਕਾਮੀ 'ਤੇ ਉਸਦੀ ਦਿਲ-ਟੁੱਟੀ ਨਿਰਾਸ਼ਾ ਹਰ ਪੰਨੇ ਵਿੱਚ ਘੁੰਝਦੀ ਹੈ। ਸਵਾਲ — ਕੀ ਇਕ ਮਨੁੱਖੀ ਜਾਨ ਦੀ ਕੋਈ ਕੀਮਤ ਹੈ? — ਇੱਕ ਵਿਲਾਪ ਵਾਂਗ ਗੂੰਜਦਾ ਹੈ।

ਕਹਾਣੀ ਫਿਰ ਹੌਲੀ–ਹੌਲੀ ਚੰਗਾਈ ਵਲ ਮੁੜਦੀ ਹੈ। ਮਸੰਦ ਦੱਸਦਾ ਹੈ ਕਿ ਉਸਦੀ ਕਾਲਜ ਮਿੱਤਰ ਪੁਸ਼ਪਾ ਰਾਵਤ — ਜਿਸ ਨੇ ਸਮਾਜਕ ਨਿਰੀਖਣ ਅਤੇ ਨਿੱਜੀ ਕਠਨਾਈਆਂ ਦਾ ਸਾਮ੍ਹਣਾ ਕੀਤਾ — ਕਿਵੇਂ ਉਸਦੀ ਅੰਦਰੂਨੀ ਸਾਂਤਿ ਲਈ ਮੋੜ-ਬਿੰਦੂ ਬਣੀ। ਉਸਦਾ ਮੰਤਰ: "ਉਸ ਨੇ ਖੁਸ਼ ਰਹਿਣਾ ਚੁਣਿਆ" — ਮਸੰਦ ਦੀ ਮੁੜ-ਪੈਦਾਇਸ਼ ਦਾ ਸਤੰਭ ਬਣਦਾ ਹੈ। ਫਿਰ ਪ੍ਰੋ. ਸਿਰਕਾਰ ਇੱਕ ਵਾਰ ਫਿਰ ਉਸਦੀ ਜ਼ਿੰਦਗੀ ਵਿੱਚ ਦਾਖਲ ਹੁੰਦੀਆਂ ਹਨ — ਇਸ ਵਾਰ ਉਸਨੂੰ ਸ੍ਰੀ ਸ੍ਰੀ ਰਵਿ ਸ਼ੰਕਰ ਦੇ ਆਧਿਆਤਮਿਕ ਮਾਰਗ ਵੱਲ ਲੈ ਕੇ ਜਾਂਦੀਆਂ ਹਨ, ਜਿਸ ਨਾਲ ਉਸਦੀ ਰੂਹਾਨੀ ਦ੍ਰਿਸ਼ਟੀ ਹੋਰ ਵੱਧ ਸਾਫ਼ ਹੁੰਦੀ ਹੈ।

ਇਸ ਮੁਕਾਮ ਤੋਂ ਕਿਤਾਬ ਪਰਵਾਸ ਦੀ ਕਹਾਣੀ ਬਣ ਜਾਂਦੀ ਹੈ — ਲੋਚਾਂ ਦੀ, ਤਿਆਰੀ ਦੀ ਅਤੇ ਰੱਬੀ ਸਮੇਂ ਦੀ। ਲੇਖਕ ਦੇ ਕਿੰਗਸਟਨ (ਓਨਟਾਰੀਓ) ਦੇ ਕੇਵਿਨ ਗਲੈਲੇ ਅਤੇ ਬਾਅਦ ਵਿੱਚ ਅਚਾਨਕ ਮਿਲੇ ਪਰਮ-ਉਦਾਰ ਮਨੁੱਖਾਂ, ਖ਼ਾਸਕਰ ਬ੍ਰਿਟਿਸ਼ ਕੋਲੰਬੀਆ ਦੇ ਗੁਰਦੇਵ ਸਿੰਘ ਨਾਲ ਤਜਰਬੇ — ਕਿਸੇ ਅਦ੍ਰਿਸ਼ਟ ਸ਼ਕਤੀ ਦੇ ਸੰਕੇਤਾਂ ਵਾਂਗ ਲੱਗਦੇ ਹਨ। ਹਰ ਵਿਅਕਤੀ ਬਿਲਕੁਲ ਓਹੀ ਵੇਲੇ ਪ੍ਰਗਟ ਹੁੰਦਾ ਹੈ ਜਦੋਂ ਉਸਦੀ ਲੋੜ ਹੁੰਦੀ ਹੈ — ਮਸੰਦ ਦੇ ਪ੍ਰੋਵਿਡੈਂਸ ਦੇ ਵਿਸ਼ਵਾਸ ਨੂੰ ਹੋਰ ਗਹਿਰਾ ਕਰਦਾ ਹੈ।

ਕੈਨੇਡਾ ਦੇ ਅਧਿਆਇ ਇੱਕ ਨਾਜ਼ੁਕ ਗਰਮਾਹਟ ਨਾਲ ਨਵੇਂ ਦੇਸ਼ ਦੀ ਸ਼ਾਂਤੀ, ਮੁਸਕਰਾਉਂਦੇ ਅਜਨਬੀਆਂ, ਬਿਨਾਂ-ਹੌਰਨ ਵਾਲੇ ਰਸਤੇ ਅਤੇ ਸੁਖਮਈ ਜੀਵਨ ਨੂੰ ਦਰਸਾਉਂਦੇ ਹਨ। ਵੈਨਕੂਵਰ — ਗੁਰਦੇਵ ਸਿੰਘ ਅਤੇ ਉਹਨਾਂ ਦੇ ਪੁੱਤਰ ਸੁਰਜੀਤ ਦੇ ਸਨੇਹ ਨਾਲ — ਮਸੰਦ ਪਰਿਵਾਰ ਲਈ ਇੱਕ ਟਿਕਾਣਾ ਅਤੇ ਆਪਣਾਪਣ ਬਣ ਜਾਂਦਾ ਹੈ। ਫਿਰ ਵੀ, ਪਰਵਾਸੀ ਸੰਘਰਸ਼ ਨੂੰ ਲੇਖਕ ਨੇ ਬੜੀ ਸੱਚਾਈ ਨਾਲ ਦਰਸਾਇਆ ਹੈ — ਨੌਕਰੀ ਦੀ ਲੜਾਈ, ਅਸਮੰਜਸ, ਉਮੀਦ ਅਤੇ ਨਿਰਾਸ਼ਾ ਵਿਚਕਾਰ ਝੂਲਦੇ ਪਲ। ਇਸ ਸਮੇਂ ਵੀ ਪ੍ਰੀਆ ਦਾ ਧੀਰਜ ਅਤੇ ਸਮਰਪਣ ਪਰਿਵਾਰ ਦੀ ਸਭ ਤੋਂ ਵੱਡੀ ਤਾਕਤ ਬਣਿਆ ਰਹਿੰਦਾ ਹੈ।

ਫਿਰ ਇੱਕ ਹੌਲੀ ਵਰਖਾ ਵਾਂਗ ਮਿਹਰ ਦੇ ਪਲ ਆਉਣ ਲੱਗਦੇ ਹਨ — ਇੱਥੇ ਇੱਕ ਮੌਕਾ, ਉੱਥੇ ਇੱਕ ਤੋੜ। ਬੱਚੇ ਨਵੇਂ ਦੇਸ਼ ਨਾਲ ਸਭ ਤੋਂ ਪਹਿਲਾਂ ਰਲ ਜਾਂਦੇ ਹਨ: "ਪਾਪਾ, ਸਕੂਲ ਵਿੱਚ ਹਰ ਕੋਈ ਕਿਤੇ ਨਾ ਕਿਤੇ ਤੋਂ ਹੈ, ਪਰ ਕੋਈ ਵੀ ਵੱਖਰਾ ਨਹੀਂ ਲੱਗਦਾ।" ਇਹ ਵਾਕ ਕਿਤਾਬ ਦੇ ਸਿਰਲੇਖ ਦੀ ਡੂੰਘੀ ਮਾਨਤਾ ਖੋਲ੍ਹ ਦਿੰਦਾ ਹੈ।

ਕਹਾਣੀ ਕ੍ਰਿਤਜਤਾ ਨਾਲ ਸਮਾਪਤ ਹੁੰਦੀ ਹੈ — ਮਿਲੇ ਹੋਏ ਲੋਕਾਂ ਲਈ, ਸਿੱਖੀਆਂ ਗਈਆਂ ਸਿੱਖਿਆਵਾਂ ਲਈ, ਅਤੇ ਉਹ ਹਿੰਮਤ ਜੋ ਦੁੱਖਾਂ ਦੀ ਖੱਡ ਤੋਂ ਉੱਗੀ। ਮਸੰਦ ਦੀਆਂ ਆਖ਼ਰੀ ਲਾਈਨਾਂ — "ਇਹ ਵਰਖਾ ਹੁਣ ਮੈਨੂੰ ਆਪਣੀ ਲੱਗਦੀ ਹੈ। ਇਹ ਮੇਰੀ ਵਰਖਾ ਹੈ — ਦ ਰੇਨ ਆਈ ਕਲੇਮ।" — ਲੰਮੀ ਬਾਅਦ ਵਿੱਚ ਆਈ ਬਰਸਾਤ ਦੀ ਸੁਹਾਵਣੀ ਮਹਿਕ ਵਾਂਗ ਦਿਲ ਵਿੱਚ ਰਹਿ ਜਾਂਦੀਆਂ ਹਨ।

ਦ ਰੇਨ ਆਈ ਕਲੇਮ ਦਰਅਸਲ ਦਰਦ ਅਤੇ ਪੁਨਰ-ਜਨਮ, ਪਰਵਾਸ ਅਤੇ ਘਰ-ਵਾਪਸੀ, ਟੁੱਟਣ ਅਤੇ ਮੁੜ-ਜੁੜਨ ਦੀ ਨਰਮ ਪਰ ਪ੍ਰਭਾਵਸ਼ਾਲੀ ਕਹਾਣੀ ਹੈ। ਇਹ memoir ਪੜ੍ਹਨ ਵਾਲੇ ਨੂੰ ਸਿਰਫ਼ ਲੇਖਕ ਦੀ ਜ਼ਿੰਦਗੀ ਦੇਖਣ ਲਈ ਨਹੀਂ ਸੱਦਦਾ, ਪਰ ਆਪਣੀ ਹੀ ਜ਼ਿੰਦਗੀ ਦੇ ਸਫ਼ਰ ਨੂੰ ਮੁੜ ਸੋਚਣ ਲਈ ਪ੍ਰੇਰਿਤ ਕਰਦਾ ਹੈ।

## ਸਮੇਂ ਦਾ ਰਾਗ***



ਜਦ ਸਾਡੇ ਨਾਲ ਚਲਦੀਆਂ ਰੁਤਾਂ ਸਨ।
ਤੂੰ ਭੁਲਕੇ ਕਦੀ ਵੀ ਇਸ਼ਾਰਾ ਨਾ ਕੀਤਾ ਸੀ।
ਵੇਖ ਲੈ ਹੁਣ ਵੇਲਾ ਗਿਆ ਹੈ ਵਹਾਂ
ਚਿੜੀਆਂ ਉਡੀਆਂ ਜਦ ਚੁਗ ਲਿਆ ਖੇਤ ਸਾਰਾ।
ਇਹ ਤਾਂ ਵੇਲੇ ਦਾ ਰਾਗ ਹੁੰਦਾ
ਹੁਣ ਤਾਂ ਹੱਥ ਵਿਚ ਰਹਿ ਗਈਆਂ ਟੱਕਰਾਂ।
ਅਜ ਉਹੀ ਛੇੜ ਲੰਘਣ ਹਵਾਵਾਂ
ਕੁਝ ਵੀ ਘੱਟ ਨਾ ਕੀਤਾ ਸਾਡੇ ਫ਼ਕਰਾਂ।
ਢਿਲੀ ਪਏ,ਹੈ ਵੀਰਾਂ ਨਾ ਕਮਾਨ ਦੀ ਤਾਰ ਹੈ
ਤੈਥੋਂ ਹੁਣ ਸਿਰਫ਼ ਫਸਾਨੇਂ ਦੀ ਆਸ ਹੈ।
ਅੱਖਾਂ ਖੁਲੀਆ ਅਜੇ ਉਡੀਕ ਦੀਆਂ
ਦਿਲ ਤਾਂ ਮੇਰਾ ਹਮੇਸ਼ਾ ਤੇਰੇ ਹੀ ਪਾਸ ਹੈ
ਮੇਰੇ ਦਿਲਾਂ ਦੀ ਹਸਦੀ ਵਸਦੀ ਮਹਿਰਮਾਂ
ਇੰਤਜ਼ਾਰ ਦੀ ਮੂਰਤ ਹਾਂ ਅਭੀ ਗੁਜਰੀ ਨਹੀਂ।
ਜ਼ਿੰਦਗੀ ਬੀਤ ਗਈ ਹੀਰਾਂ ਲੰਘ ਗਈਆਂ।
ਗੁਮਰਾਹ ਹੋਕੇ ਵੀ ਚੰਗੀ ਗੁਜਰੀ ਹੈ।
ਤੇਰੀ ਉਹ ਮੁਸਕਰਾਹਟ ਅਜੇ ਵੀ ਸੀਨੇ ਵਿਚ ਹੈ।
ਨਾਜ਼ ਦੀ ਮਾਰ ਨਾਲ ਹੁਣ ਤੂੰ ਤੰਗ ਨਾ ਕਰ।
ਤੇਰੀਆਂ ਅਦਾਵਾਂ ਦੇ ਵਗਦੇ ਉਹੀ ਵੇਗ
ਮੈਨੂੰ ਤੰਗ ਨਾ ਕਰ ਤਪਾ ਕੇ
ਹੁਣ ਨਾਮ ਜੱਪਣ ਦਾ ਵੇਲਾ ਆ ਗਿਆ ਹੈ
ਮੁਖਾਰਬਿੰਦ ਤੋਂ ਵਾਹਿਗੁਰੂ ਵਾਹਿਗੁਰੂ ਬੋਲ।
ਨਾਮ ਜਪਦੇ ਹਰਿ ਮੰਦਰ ਜਾਈਏ।
ਸੋਹਣ ਤੇਰੇ ਉਥੇ ਮਿਠੜੇ ਬੋਲ
ਹੁਣ ਦੇ ਸਮੇਂ ਇਹ ਰਾਗ ਹੈ
ਮੇਰੇ ਮਹਿਰਮਾ ਸਤਿਨਾਮ ਵਾਹਿਗੁਰੂ ਜੱਪ ਲੈਣ।
ਮੋਹ ਪਿਆਰ ਦੀ ਮਿੱਠੀ ਯਾਦ ਰਹੇਗੀ ਬਾਕੀ
ਗਿਆਨੀ ਵਿਦਵਾਨ ਕਹਿ ਗਏ ਜਿਸ ਖੱਟ ਲੈਣ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਸਾਕਾਰਾਤਮਕ ਮਿੰਨੀ ਕਹਾਣੀਆਂ : ਨਿਰਮੋਹੇ

* ਪੁਸਤਕ : ਨਿਰਮੋਹੇ
* ਲੇਖਕ : ਮਹਿੰਦਰ ਸਿੰਘ ਮਾਨ
* ਪ੍ਰਕਾਸ਼ਕ : ਨਵਰੰਗ ਪਬਲੀਕੇਸ਼ਨ, ਸਮਾਣਾ
* ਪੰਨੇ : 95
* ਮੁੱਲ : 200/- ਰੁਪਏ




ਮਹਿੰਦਰ ਸਿੰਘ ਮਾਨ ਪਿਛਲੇ ਕਈ ਵਰ੍ਹਿਆਂ ਤੋਂ ਸਾਹਿਤ ਦੇ ਖੇਤਰ ਵਿੱਚ ਨਿਰੰਤਰ ਕਾਰਜਸ਼ੀਲ ਹੈ। ਮੁੱਖ ਤੌਰ ਤੇ ਉਹ ਇੱਕ ਕਵੀ ਹੈ ਤੇ ਉਹਦੀਆਂ ਹੁਣ ਤੱਕ ਕਵਿਤਾ ਦੀਆਂ 7 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 6 ਕਾਵਿ ਸੰਗ੍ਰਹਿ ਤੇ ਇੱਕ ਗ਼ਜ਼ਲ ਸੰਗ੍ਰਹਿ ਹੈ। ਮਾਨ ਦੀਆਂ ਕਵਿਤਾਵਾਂ ਵਿੱਚ ਅਗਾਂਹਵਧੂ ਵਿਚਾਰਾਂ ਦੀ ਪੇਸ਼ਕਾਰੀ ਹੋਈ ਹੈ। ਉਸਦੀ ਕੋਸ਼ਿਸ਼ ਰਹੀ ਹੈ ਕਿ ਉਹ ਲੋਕਾਂ ਨੂੰ ਨਵੀਆਂ ਰਾਹਾਂ ਤੇ ਚੱਲਣ ਦੀ ਜਾਚ ਸਿਖਾਵੇ। ਇਸੇਲਈ ਮਾਨ ਦੀਆਂ ਜ਼ਿਆਦਾਤਰ ਕਿਤਾਬਾਂ ਦੇ ਨਾਂ ਵੀ 'ਸੂਰਜ' ਨਾਲ ਸੰਬੰਧਿਤ ਹਨ। ਇਨ੍ਹਾਂ ਵਿੱਚ 'ਚੜ੍ਹਿਆ ਸੂਰਜ', 'ਸੂਰਜ ਦੀਆਂ ਕਿਰਨਾਂ', 'ਸੂਰਜ ਹਾਲੇ ਡੁੱਬਿਆ ਨਹੀਂ', 'ਮਘਦਾ ਸੂਰਜ' ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਇਸ ਵਰ੍ਹੇ (2025 ਵਿੱਚ) ਮਹਿੰਦਰ ਸਿੰਘ ਮਾਨ ਨੇ ਸਾਹਿਤ ਦੀ ਇੱਕ ਹੋਰ ਸਿਨਫ਼ ਤੇ ਹੱਥ ਅਜ਼ਮਾਇਆ ਹੈ ਤੇ ਇਹ ਹੈ ਮਿੰਨੀ ਕਹਾਣੀ। 'ਨਿਰਮੋਹੇ' ਨਾਂ ਦੇ ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਕੁੱਲ 79 ਮਿੰਨੀ ਕਹਾਣੀਆਂ ਸ਼ਾਮਲ ਹਨ। ਮਿੰਨੀ ਕਹਾਣੀ ਸਾਹਿਤ ਦਾ ਉਹ ਰੂਪ ਹੈ, ਜਿਸ ਵਿੱਚ ਲੇਖਕ ਥੋੜ੍ਹੇ ਸ਼ਬਦਾਂ ਵਿੱਚ ਆਪਣੀ ਗੱਲ ਨੂੰ ਅਸਰ-ਅੰਦਾਜ਼ ਢੰਗ ਨਾਲ ਕਹਿਣ ਦੀ ਕੋਸ਼ਿਸ਼ ਕਰਦਾ ਹੈ। ਇਸ ਵਿੱਚ ਵਾਧੂ ਦਾ ਖਿਲਾਰਾ ਨਹੀਂ ਹੁੰਦਾ। ਘਟਨਾ ਨੂੰ ਸਿੱਧੇ ਤੌਰ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਸਤੁਤ ਕੀਤਾ ਜਾਂਦਾ ਹੈ। ਇਹ ਤਰੀਕਾ ਕੋਈ ਵੀ ਹੋ ਸਕਦਾ ਹੈ – ਵਾਰਤਾਲਾਪੀ ਜਾਂ ਬਿਆਨਮਈ। ਪਰ ਇਹਨੂੰ ਪੇਸ਼ ਕਰਨ ਲਈ ਘਟਨਾ ਉੱਤੇ ਹੀ ਕੇਂਦਰਿਤ ਕਰਨਾ ਪੈਂਦਾ ਹੈ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਮਨੁੱਖੀ ਜੀਵਨ ਦੋ-ਰੰਗਾ ਹੈ। ਇਸ ਵਿੱਚ ਦੁਖ-ਸੁਖ, ਗ਼ਮੀ-ਖ਼ੁਸ਼ੀ, ਉੱਚਾ-ਨੀਵਾਂ, ਚੰਗਾ-ਮਾੜਾ ਆਦਿ ਬਹੁਤ ਕੁਝ ਵਾਪਰਦਾ ਰਹਿੰਦਾ ਹੈ। ਪਰਮਾਤਮਾ ਨੇ ਬ੍ਰਹਿਮੰਡ ਨੂੰ ਵੀ ਦੋ-ਰੰਗਾ ਹੀ ਬਣਾਇਆ ਹੈ – ਦਿਨ-ਰਾਤ, ਗਰਮੀ-ਸਰਦੀ, ਮੱਸਿਆ-ਪੁੰਨਿਆ, ਪਤਝੜ-ਬਹਾਰ, ਫੁੱਲ-ਖਾਰ ਆਦਿ। ਇਹ ਸਾਡੀ ਸੋਚ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਪਰਿਸਥਿਤੀ ਵਿੱਚ ਕਿਹੋ ਜਿਹੀ ਪ੍ਰਤੀਕਿਰਿਆ ਦੇਣੀ ਹੈ। ਸਮਾਜ ਵਿੱਚ ਵਿਚਰਦਿਆਂ ਸਾਨੂੰ ਵਿਭਿੰਨ ਪਹਿਲੂਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਚੰਗਾ ਲੇਖਕ ਉਹ ਹੁੰਦਾ ਹੈ ਜੋ ਵਿਰੋਧੀ ਪਰਿਸਥਿਤੀਆਂ ਦੇ ਬਾਵਜੂਦ ਉਸਦੇ ਨਾਕਾਰਾਤਮਕ ਪੱਖਾਂ ਨੂੰ ਅਣਡਿੱਠ ਕਰਕੇ ਸਾਕਾਰਾਤਮਕ ਰੁਚੀਆਂ ਨੂੰ ਪ੍ਰਾਥਮਿਕਤਾ ਦੇਵੇ।

ਮਹਿੰਦਰ ਸਿੰਘ ਮਾਨ ਇੱਕ ਸੇਵਾਮੁਕਤ ਮੁੱਖ-ਅਧਿਆਪਕ ਹੈ। ਉਹਨੇ ਲੰਮਾ ਸਮਾਂ ਸਾਇੰਸ ਅਧਿਆਪਕ ਵਜੋਂ ਵੀ ਕਾਰਜ ਕੀਤਾ ਹੈ। ਉਹਨੇ ਰੋਜ਼ਾਨਾ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਹੈ। ਲੇਖਕ ਨੇ ਪਹਿਲਾਂ-ਪਹਿਲ ਜੇਬੀ ਪੱਤ੍ਰਿਕਾ 'ਅਣੂ' ਵਿੱਚ ਮਿੰਨੀ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਉਸਦੀਆਂ ਮਿੰਨੀ ਕਹਾਣੀਆਂ ਵਿੱਚ ਪੇਸ਼ ਹੋਇਆ ਯਥਾਰਥ ਵਾਸਤਵਿਕ ਹੈ ਤੇ ਇਹ ਕੋਈ ਕਾਲਪਨਿਕ ਲਿਖਤਾਂ ਨਹੀਂ ਹਨ। ਲੇਖਕ ਨੇ ਇਨ੍ਹਾਂ ਰਚਨਾਵਾਂ ਦੇ ਸਿਰਲੇਖ ਵੀ ਬੜੇ ਭਾਵਪੂਰਤ ਬਣਾਏ ਹਨ, ਜੋ ਬਹੁਤ ਸਾਰੀਆਂ ਗੱਲਾਂ ਕਹਿਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਮਿੰਨੀ ਕਹਾਣੀਆਂ ਦੇ ਵਧੇਰੇ ਸਿਰਲੇਖ ਇੱਕ-ਸ਼ਬਦੀ ਹਨ। ਜਿਵੇਂ ਵਧਾਈ, ਭਵਿੱਖਬਾਣੀ, ਗੁਰਦੁਆਰਾ, ਜ਼ਲੀਲ, ਭੁੱਖ, ਫੈਸਲਾ, ਨੁਕਸਾਨ, ਲਿਫ਼ਾਫ਼ਾ, ਭਾਰ, ਵਿਚਾਰੇ, ਚਿੰਤਾ, ਵਾਰੀ, ਪਤੰਗ, ਘਾਟ, ਪਲਾਟ, ਰਾਖੀ, ਅਣਗਹਿਲੀ, ਰੱਖੜੀ, ਡਰ, ਹਿੰਮਤ, ਬੋਝ, ਨਿਰਮੋਹੇ, ਗਹਿਣੇ, ਇਤਰਾਜ਼, ਵੋਟਾਂ ਆਦਿ।

ਮਾਨ ਦੀਆਂ ਮਿੰਨੀ ਕਹਾਣੀਆਂ ਵਿੱਚ ਸਾਕਾਰਾਤਮਕ ਰੁਚੀਆਂ ਨੂੰ ਪ੍ਰਗਟ ਕੀਤਾ ਗਿਆ ਹੈ। ਸੰਗ੍ਰਹਿ ਦੀ ਸ਼ੀਰਸ਼ਕ ਮਿੰਨੀ ਕਹਾਣੀ 'ਨਿਰਮੋਹੇ' ਵਿੱਚ ਵੀ ਇਹੋ ਜਿਹਾ ਸੰਦੇਸ਼ ਮਿਲਦਾ ਹੈ। ਇਸ ਵਿੱਚ ਇੱਕ ਵਿਆਹੀ ਹੋਈ ਲੜਕੀ ਆਪਣੇ ਭਰਾ-ਭਾਬੀ ਨੂੰ ਮਿਲਣ ਜਾਂਦੀ ਹੈ ਤਾਂ ਉਹ ਵੀ ਵਿਖਾਵੇ ਵਜੋਂ ਨਹੀਂ ਮਿਲਦੇ, ਸਗੋਂ ਬਹੁਤ ਮਾਣ-ਸਤਿਕਾਰ ਦਿੰਦੇ ਹਨ। ਉਹ ਕੁੜੀ ਆਪਣੇ ਭਰਾ-ਭਾਬੀ ਨੂੰ ਇਹੋ ਕਹਿੰਦੀ ਹੈ ਕਿ ਤੁਸੀਂ ਕਦੇ ਨਿਰਮੋਹੇ ਨਾ ਬਣਿਓ, ਹਮੇਸ਼ਾ ਮੇਰੇ ਨਾਲ ਮੋਹ-ਪਿਆਰ ਤੇ ਮੇਲ-ਮਿਲਾਪ ਰੱਖਿਓ।

ਮਹਿੰਦਰ ਸਿੰਘ ਮਾਨ ਦੀ ਇਹ ਖੂਬੀ ਹੈ ਕਿ ਉਹਨੇ ਕਿਸੇ ਵਿਅਕਤੀ/ਸਥਿਤੀ ਦੇ ਔਗੁਣਾਂ ਦੀ ਥਾਂ ਉਹਦੇ ਗੁਣਾਂ ਨੂੰ ਤਰਜੀਹ ਦਿੱਤੀ ਹੈ। ਇਸੇਲਈ ਇਸ ਸੰਗ੍ਰਹਿ ਦੀਆਂ ਸਾਰੀਆਂ ਮਿੰਨੀ ਕਹਾਣੀਆਂ ਦੀ ਦ੍ਰਿਸ਼ਟੀ ਅਗਾਂਹਵਧੂ ਹੈ। ਮਹਿੰਦਰ ਸਿੰਘ ਮਾਨ ਦੇ ਇਸ ਨਵ-ਪ੍ਰਕਾਸ਼ਿਤ ਮਿੰਨੀ ਕਹਾਣੀ ਸੰਗ੍ਰਹਿ ਦਾ ਪੰਜਾਬੀ ਸਾਹਿਤ ਵਿੱਚ ਨਿੱਘਾ ਸਵਾਗਤ ਹੈ ਤੇ ਲੇਖਕ ਤੋਂ ਆਗਾਮੀ ਸਮੇਂ ਵਿੱਚ ਹੋਰ ਸਾਰਥਕ ਤੇ ਚੰਗੇਰਾ ਲਿਖਣ ਦੀ ਭਰਪੂਰ ਉਮੀਦ ਹੈ।

## ਚਿਹਰੇ ਤੇ ਆਈ ਮੁਸਕਰਾਹਟ ਉਸ ਦੇ ਮਨੋਕਲਪਿਤ ਭੂਤ – ਪ੍ਰੇਤ ਦੇ ਸਾਏ ਤੋਂ ਮੁਕਤ ਹੋਣ ਦੀ ਗਵਾਹੀ ਸੀ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਸਾਡੇ ਸਮਾਜ ਵਿੱਚ ਅਨਪੜ੍ਹਤਾ ,ਅਗਿਆਨਤਾ ਤੇ ਲਾਈਲੱਗਤਾ ਕਾਰਨ ਅੰਧਵਿਸ਼ਵਾਸਾਂ,ਵਹਿਮਾਂ-ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦਾ ਬੋਲਬਾਲਾ ਹੈ। ਇਸ ਵਿੱਚ ਫਸੇ ਵਿਅਕਤੀ ਅਖੌਤੀ ਸਿਆਣਿਆਂ ਦੇ ਭਰਮਜਾਲ 'ਚ ਪੈ ਜਾਂਦੇ ਹਨ । ਕਈ ਅਖੌਤੀ ਸਿਆਣਿਆਂ ਨੂੰ ਅਖੌਤੀ ਭੂਤ- ਪ੍ਰੇਤ ਕੱਢਣ ਪ੍ਰਤੀ ਲੋਕਾਂ ਨੂੰ ਭਰਮਜਾਲ ਵਿੱਚ ਪਾਉਣ ਦੀ ਜਾਚ' ਆ ਜਾਂਦੀ ਹੈ। ਉਹ ਆਪਣੇ ਘਰ ਜਾਂ ਕਿਸੇ ਪੀਰ ਫਕੀਰ ਦੇ ਬੂਹੇ 'ਤੇ ਚੌਂਕੀ 'ਲਾ ਲੈਂਦੇ ਨੇ । ਜ਼ਿਆਦਾਤਰ ਚੌਂਕੀਆਂ ਵੀਰਵਾਰ ਨੂੰ ਹੀ ਲੱਗਦੀਆਂ ਨੇ। ਅਜਿਹੇ ਅਖੌਤੀ ਸਿਆਣਿਆਂ ਕੋਲ- ਦੋ ਚਾਰ ਵਿਅਕਤੀ ਜਾਂ ਆਖ ਲਈਏ ਇਨ੍ਹਾਂ ਦੇ ਚੇਲੇ –ਚਪਟੇ/ ਗੁਮਾਸਤੇ ਜ਼ਰੂਰ ਹੁੰਦੇ ਨੇ ,ਜੋ ਇਨਾਂ ਦੀ ਝੂਠੀ ਸ਼ਲਾਘਾ ਕਰਦੇ ਰਹਿੰਦੇ ਹਨ। ਉਹ ਦਲਾਲੀ ਦਾ ਕੰਮ ਹੀ ਕਰਦੇ ਨੇ , ਕਮਜ਼ੋਰ ਮਾਨਸਿਕਤਾ ਵਾਲੇ ਮਾਨਸਿਕ ਰੋਗੀਆਂ ਨੂੰ ਇਨ੍ਹਾਂ ਪਰਜੀਵੀਆਂ ਕੋਲ ਲਿਆਉਂਦੇ ਹਨ ।

ਅਜਿਹੇ ਅਖੌਤੀ ਸਿਆਣਿਆਂ ਦੀਆਂ ਦੁਕਾਨਦਾਰੀ ਵਧੀਆ ਚਲਦੀ ਹੈ। ਮਾਨਸਿਕ ਰੋਗਾਂ ਅਤੇ ਸਰੀਰਕ ਅਲਾਮਤਾਂ ਨਾਲ ਸਤਾਏ ਲੋਕਾਂ ਦੀ ਇਹ ਅੰਨ੍ਹੇਵਾਹ ਲੁੱਟ ਕਰਦੇ ਨੇ ।

ਸਿਰਫ ਆਰਥਿਕ ਲੁੱਟ-ਖਸੁੱਟ ਹੀ ਨਹੀਂ ਕਰਦੇ , ਸਗੋਂ ਕਈ ਵਾਰੀ ਸਰੀਰਕ ਲੁੱਟ ਵੀ ਕਰ ਜਾਂਦੇ ਹਨ।

ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਕੋਲ ਕਈ ਸਾਲ ਪਹਿਲਾਂ ਆਏ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਕਿਵੇਂ ਅਖੌਤੀ ਸਿਆਣਿਆਂ ਨੇ ਇੱਕ ਕਾਰੋਬਾਰੀ ਵਿਅਕਤੀ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਸੀ

ਵਿਅਕਤੀ ਕਿੱਤੇ ਵਜੋਂ ਵਧੀਆ ਮੰਨਿਆਂ -ਪ੍ਰਮੰਨਿਆਂ ਲੱਕੜ ਦਾ ਮਿਸਤਰੀ ਸੀ । ਉਸ ਦੀਆਂ ਚਾਰ ਧੀਆਂ ਸਨ । ਕੁਦਰਤੀ ਉਸ ਦੇ ਦਿਮਾਗ ਵਿੱਚ ਆਪਣੀਆਂ ਲੜਕੀਆਂ ਪ੍ਰਤੀ ਖਿਆਲ ਆਇਆ, ਉਨ੍ਹਾਂ ਦੇ ਭਵਿੱਖ ਤੇ ਸਮਾਜਿਕ ਮਾਹੌਲ ਬਾਰੇ ਸੋਚ ਕੇ ਦਿਮਾਗ਼ ਵਿੱਚ ਨਿਰਾਸ਼ਾ ਆ ਗਈ । ਇਹ ਸੋਚ ਕੇ ਹੌਲੀ ਹੌਲੀ ਉਸਦੇ ਮਨ ਅੰਦਰ ਨਿਰਾਸ਼ਾ ਭਾਰੂ ਹੋ ਗਈ,ਉਹ ਸਦਾ ਨਿਰਾਸ਼ਾ ਤੇ ਉਚਾਟਤਾ ਵਿੱਚ ਡੁਬਿਆ ਰਹਿਣ ਲੱਗਾ । ਉਸਨੂੰ ਕੁੱਝ ਵੀ ਸੁੱਝਣੋ ਹਟ ਗਿਆ । ਉਸਦੇ ਮਨ ਉੱਤੇ ਇਸ ਤਰ੍ਹਾਂ ਦਾ ਗਹਿਰਾ ਪ੍ਰਭਾਵ ਪਿਆ ਕਿ ਉਹ ਚਿੰਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬ ਗਿਆ।ਉਹ ਆਪਣੀਆਂ ਧੀਆਂ ਦੇ ਭਵਿੱਖ ਬਾਰੇ ਸੋਚਦਾ ਰਹਿੰਦਾ। ਅਜੇ ਉਸਦੀਆਂ ਲੜਕੀਆਂ ਕੰਵਾਰੀਆਂ ਸਨ। ਚਿੰਤਾ ਤੇ ਨਿਰਾਸ਼ਾ 'ਚ ਡੁੱਬਣ ਕਾਰਨ ਤੇ ਅੰਧਵਿਸ਼ਵਾਸੀ ਪਰਿਵਾਰ ਹੋਣ ਕਾਰਨ ਉਸਨੂੰ ਮਹਿਸੂਸ ਹੋਣ ਲੱਗਾ ਕਿ ਉਸਨੂੰ ਕੋਈ ਓਪਰੀ ਸ਼ੈਅ ਚਿੰਬੜ ਗਈ ਹੈ, ਜਿਸ ਕਾਰਨ ਉਹ ਹਰ ਸਮੇਂ ਡਰਿਆ ਡਰਿਆ ਰਹਿਣ ਲੱਗਾ। ਕੁਦਰਤੀ ਕੰਮ ਵੀ ਘੱਟ ਗਿਆ।

ਉਸ ਦੀ ਘਰ ਵਾਲੀ ਦੇ ਮਨ ਵਿੱਚ ਇਹ ਭਰਮ ਪੈਦਾ ਹੋ ਗਿਆ ਹੈ ਕਿ ਉਸਨੂੰ ਕੋਈ ਭੂਤ-ਪ੍ਰੇਤ ਚਿੰਬੜਿਆ ਹੋਇਆ ਹੈ। ਜਦ ਇਸ ਤਰ੍ਹਾਂ ਉਸਦੀ ਦਿਲਗੀਰੀ ਵਧਦੀ ਗਈ ਤਾਂ ਉਸ ਦੀ ਘਰ ਵਾਲੀ ਉਸਨੂੰ ਆਪਣੇ ਪਿੰਡ ਦੇ ਸਿਆਣੇ ਕੋਲ ਲੈ ਗਈ, ਜੋ ਪੁੱਛਾਂ ਦੇਣ ਦਾ ਕੰਮ ਕਰਦਾ ਸੀ। ਉਸ ਅਖੌਤੀ ਸਿਆਣੇ ਨੇ ਉਸਨੂੰ ਆਪਣੇ ਚੁੰਗਲ ਵਿੱਚ ਫਸਾ ਲਿਆ ਤੇ ਖ਼ੂਬ ਡਰਾਇਆ। ਕਹਿੰਦਾ ,"ਇਸਨੂੰ ਦੋ ਚੂੜੇਲਾਂ ਚਿੰਬੜੀਆਂ ਹੋਈਆਂ ਹਨ।" ਜਦ ਉਸ ਕੋਲ ਠੀਕ ਨਾ ਹੋਇਆ ਤਾਂ ਉਹ ਇਕ ਤੋਂ ਬਾਅਦ ਦੂਜੇ ਅਖੌਤੀ ਸਿਆਣੇ ਕੋਲ ਜਾਂਦੇ ਰਹੇ।ਸਾਰਿਆਂ ਨੇ ਇਲਾਜ ਲਈ ਕੜਾਹੀ , ਟੂਣੇ ਤੇ ਢਾਲੇ ਦੇ ਨਾਉਂ ਹੇਠ ਕਾਫੀ ਪੈਸੇ ਲੁੱਟੇ। ਅਖੌਤੀ ਸਿਆਣਿਆਂ ਕੋਲ ਜਾਂਦਿਆਂ ਉਸ ਦੀ ਮਨੋਦਸ਼ਾ ਵਿਗੜਦੀ ਗਈ, ਨੀਂਦ ਤੇ ਭੁੱਖ ਘਟ ਗਈ।ਛੇ ਮਹੀਨੇ ਵੱਖ ਵੱਖ ਸਿਆਣਿਆਂ ਕੋਲ ਜਾਂਦੇ ਰਹੇ,ਹਾਲਤ ਬਦ ਤੋਂ ਬਦਤਰ ਹੁੰਦੀ ਗਈ ,ਕਈ ਸਿਆਣਿਆਂ ਕੋਲ ਲੁੱਟ ਕਰਾਉਣ ਤੋਂ ਬਾਅਦ ਉਨ੍ਹਾਂ ਇਕ ਅਧਿਆਪਕ ਦੇ ਕਹਿਣ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨਾਲ ਸੰਪਰਕ ਕੀਤਾ ਤੇ ਅਸੀਂ ਉਨਾਂ ਨੂੰ ਆਪਣੇ ਕੋਲ ਬੁਲਾਇਆ ।ਸਾਡੀ ਤਿੰਨ ਮੈਂਬਰੀ ਕ੍ਰਿਸ਼ਨ ਸਿੰਘ,ਗੁਰਦੀਪ ਸਿੰਘ ਤੇ ਮੇਰੇ ਆਧਾਰਿਤ ਤਰਕਸ਼ੀਲ ਟੀਮ ਨੇ ਮਨੋਵਿਗਿਆਨਕ ਤੇ ਵਿਗਿਆਨਕ ਆਧਾਰ ਤੇ ਪੜਤਾਲ ਕਰਨ ਉਪਰੰਤ ਪਾਇਆ ਗਿਆ ਕਿ ਸਮਾਜਿਕ ਅਸੁਰੱਖਿਆ ਦੇ ਮਾਹੌਲ ਬਾਰੇ ਸੋਚ ਕੇ ਆਪਣੀਆਂ ਲੜਕੀਆਂ ਦੇ ਭਵਿੱਖ ਬਾਰੇ ਚਿੰਤਤ ਸੀ। ਉਸ ਉਪਰੰਤ ਅਖੌਤੀ ਸਿਆਣਿਆਂ ਨੇ ਉਸਨੂੰ ਮਾਨਸਿਕ ਰੋਗੀ ਬਣਾਇਆ ਹੋਇਆ ਸੀ। ਅਖੌਤੀ ਸਿਆਣਿਆਂ ਖ਼ੂਬ ਲੁੱਟਿਆ ਤੇ ਉਸ ਦੀ ਮਾਨਸਿਕਤਾ ਵਿਗਾੜ ਦਿੱਤਾ,ਇਹ ਭਰਮ ਪੈਦਾ ਕਰ ਦਿੱਤਾ ਕਿ ਉਸ 'ਤੇ ਓਪਰੀ ਸ਼ੈਅ ਦਾ ਅਸਰ ਹੈ। ਅਸੀਂ ਉਸ ਨੂੰ ਚਾਹ ਪਾਣੀ ਪਿਲਾਉਣ ਤੋਂ ਬਾਅਦ, ਗੱਲਾਂ ਬਾਤਾਂ ਰਾਹੀਂ ਭੂਤ ਪ੍ਰੇਤ ਦੀ ਅਣਹੋਂਦ ਬਾਰੇ ਵਿਸਵਾਸ਼ ਦਵਾਇਆ ਤੇ ਉਸਾਰੂ ਤੇ ਸਾਰਥਿਕ ਸੁਝਾਅ ਦਿੱਤੇ।ਉਹ ਗਲਬਾਤ ਵਿਧੀ ਰਾਹੀਂ ਪੂਰੀ ਤਰ੍ਹਾਂ ਸਾਡੇ ਵਿਸ਼ਵਾਸ ਵਿੱਚ ਆ ਚੁੱਕਿਆ ਸੀ।ਉਸ ਦੇ ਮਨ ਵਿੱਚੋਂ ਮਨੋਕਲਪਤ ਭੂਤਾਂ ਪ੍ਰੇਤਾਂ ,ਚੂੜੇਲਾਂ ਦੇ ਡਰ ਨੂੰ ਸਾਫ ਕੀਤਾ।ਉਹ ਕਾਫੀ ਠੀਕ ਮਹਿਸੂਸ ਕਰ ਰਿਹਾ ਸੀ। ਉਸਨੂੰ ਅਖੌਤੀ ਸਿਆਣਿਆਂ ਦੀ ਅਸਲੀਅਤ ਬਾਰੇ ਜਾਣੂੰ ਕਰਵਾਇਆ।ਉਸ ਦੇ ਕਾਰੋਬਾਰ ਬਾਰੇ ਵਿਸਥਾਰਤ ਗਲਬਾਤ ਕੀਤੀ, ਕਾਰੋਬਾਰ ਵਧੀਆ ਸੀ, ਮਾਹਿਰ ਮਿਸਤਰੀ ਸੀ। ਲੜਕੀਆਂ ਨੂੰ ਸਮਝਦਾਰ, ਸਿਆਣੀਆਂ ਬਣਾਉਣ, ਉਨ੍ਹਾਂ ਨੂੰ ਪੜ੍ਹਾਉਣ ਤੇ ਵਿਗਿਆਨਕ ਸੋਚ ਦੀਆਂ ਧਾਰਨੀਆਂ ਬਣਾਉਣ ਦੇ ਉਸਾਰੂ ਸੁਝਾਅ ਦਿੱਤੇ। ਅਸੁਰੱਖਿਅਤ ਸਮਾਜਿਕ ਮਹੌਲ ਤੇ ਓਪਰੀ ਸ਼ੈਅ ਦੇ ਸਾਰੇ ਭਰਮ ਦੂਰ ਕੀਤੇ । ਉਸ ਨੂੰ ਆਏ ਤੀਜੇ ਦਿਨ ਤਿੰਨ ਵਾਰ ਬੁਲਾਇਆ ਗਿਆ।ਤੀਜੇ ਦਿਨ ਉਸ ਦੇ ਚਿਹਰੇ ਤੇ ਆਈ ਮੁਸਕਰਾਹਟ ਉਸਦੇ ਠੀਕ ਹੋਣ ਦੀ ਗਵਾਹੀ ਸੀ

ਅਪਣਤ ਭਰੇ ਸਾਰਥਿਕ ਤੇ ਚੜ੍ਹਦੀ ਕਲਾ ਵਾਲੇ ਸੁਝਾਵਾਂ ਰਾਹੀਂ ਉਸਦੇ ਅਚੇਤ ਮਨ ਵਿੱਚ ਬੈਠਾ ਓਪਰੀ ਸ਼ੈਅ ਦਾ ਡਰ ਖੰਭ ਲਾ ਕੇ ਰਫੂ ਚੱਕਰ ਹੋ ਚੁੱਕਿਆ ਸੀ।

ਇੱਕ ਮਹੀਨੇ ਬਾਅਦ ਜਦ ਉਹ ਸਾਡੇ ਕੋਲ ਪਰਿਵਾਰ ਸਮੇਤ ਆਇਆ ਤਾਂ ਇਸ ਸਮੇਂ ਉਸਦੀਆਂ ਅੱਖਾਂ ਵਿੱਚ ਚਮਕ ਸੀ ਅਤੇ ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਸੀ। ਉਸਨੇ ਆਪਣਾ ਕਿੱਤਾ ਪੂਰੀ ਮਿਹਨਤ ਤੇ ਤਨਦੇਹੀ ਨਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦੇ ਘਰ ਵਿੱਚ ਮੁੜ ਖੁਸ਼ੀਆਂ ਪਰਤ ਆਈਆਂ ਸਨ।ਉਸ ਦੇ ਪਰਿਵਾਰ ਨੂੰ ਅਖੌਤੀ ਭੂਤਾਂ ਪ੍ਰੇਤਾਂ ਤੇ ਅਖੌਤੀ ਸਿਆਣਿਆਂ, ਤਾਂਤਰਿਕਾਂ ਦੀ ਅਸਲੀਅਤ ਬਾਰੇ ਵਿਸਥਾਰ ਪੂਰਵਕ ਸਮਝਾਇਆ,ਉਸ ਦੇ ਨਾਲ ਆਈਆਂ ਉਸ ਦੀਆਂ ਲੜਕੀਆਂ ਨੂੰ ਤਰਕਸ਼ੀਲ ਮੈਗਜ਼ੀਨ ਪੜ੍ਹਨ ਲਈ ਪ੍ਰੇਰਿਤ ਕੀਤਾ ਤੇ ਵਿਗਿਆਨਕ ਵਿਚਾਰਾਂ ਵਾਲਾ ਕਾਫੀ ਸਾਹਿਤ ਪੜ੍ਹਨ ਲਈ ਦਿੱਤਾ ਤੇ ਵਿਗਿਆਨਕ ਸੋਚ ਅਪਣਾਉਣ ਤੇ ਇਸ ਵਿਚਾਰਧਾਰਾ ਨੂੰ ਅੱਗੇ ਪ੍ਰਚਾਰਨ ਦਾ ਸੁਨੇਹਾ ਦੇ ਕੇ ਤੋਰਿਆ।